ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਲਾਹੌਰ ਨਖਾਸ ਚੋਕ (ਗੁ: ਸ਼ਹੀਦ ਗੰਜ ਸਿੰਘਣੀਆਂ-ਅਸਥਾਨ) ਵਿਖੇ

## ਮੀਰ ਮੰਨੂੰ ਵਲੋਂ ਸਿੰਘਾਂ ਤੇ ਢਾਹੇ ਜਾ ਰਹੇ ਜ਼ੁਲਮ



ਮੰਨੂ ਅਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ ।
ਜਿਉਂ ਜਿਉਂ ਮੰਨੂ ਵਢਦਾ, ਅਸੀਂ ਦੂਣੇ ਚੌਣੇ ਹੋਏ ।

SEPT. 1992 ਸਤੰਬਰ ੧੯੯੨

www.AKJ.Org

# ਤਤਕਰਾ


| | | |
|---|---|---|
| ਅਸੁਨਿ ਪ੍ਰੇਮ ਉਮਾਹੜਾ | ੩ | ਬਾਰਹਮਾਹਾ ਮਾਂਝ ਮਹਲਾ ੫ |
| —ਅਰਥ-ਵਿਆਖਿਆ | ੪ | — — — |
| ਮਨ ਦੀ ਸੁਧੀ ਤੇ ਦੁਖਾਂ ਦੀ ਨਵਿਰਤੀ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਦਰਿ | ੯ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਸੁਭ ਕਰਮਨ ਤੇ ਕਬਹੂੰ ਨ ਟਰੋਂ | ੧੨ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਸਿਖ ਸਭਿਆਚਾਰ | ੧੬ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਮੋਰਚਾ ਗੁਰੂ ਕਾ ਬਾਗ ਸੰਬੰਧੀ ਕੁਝ ਰੋਚਕ ਵਰਣਨ | ੨੦ | ਪ੍ਰਿੰਸੀਪਲ ਕਲਦੀਪ ਸਿੰਘ ਜੀ ਹਉਰਾ |
| ਇਕ ਗਾਵਹਿ ਰਾਗ ਪਰੀਆ | ੨੪ | 'ਗੁਰਮਤਿ ਗੌਰਵਤਾ' ਵਿਚੋਂ |
| ਬਿਪਤਾ ਸਮੇਂ ਸਿੱਖ ਕਰੈਕਟਰ | ੨੫ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਕਬਿੱਤ ਸਵੱਯੇ ਭਾਈ ਗੁਰਦਾਸ ਜੀ (੮) | ੨੮ | — — — |
| ਸਿੱਖਾਂ ਦਾ ਆਦਰਸ਼ਕ ਗੁਰਦੁਆਰਾ | ੩੨ | ਭਾਈ ਜਸਬੀਰ ਸਿੰਘ ਜੀ |
| ਇਹੋ ਧਰਮ ਇਹੋ ਹੈ ਰਸਤਾ (ਕਵਿਤਾ) | ੩੬ | ਸ: ਅਤਰ ਸਿੰਘ ਜੀ ਨੀਰ |
| ਸਿਦਕੀ ਸਿੰਘ (ਤੇ ਹੋਰ) (,,) | ੩੭ | ਗਿ: ਗੋਪਾਲ ਸਿੰਘ ਜੀ ਮਿੱਤਰ, |
| ਭੂਰਿਆਂ ਵਾਲੇ ਰਾਜੇ ਕੀਤੇ (੩੦) | ੩੮ | ਕੈਪਟਿਨ ਸਵਰਨ ਸਿੰਘ ਜੀ |
| ਉਪਰਿ ਸਚੁ ਆਚਾਰੁ | ੪੨ | — — — |
| ਹਰਿ ਮੁਸਕੀ ਮੁਸਕ ਗੰਧਾਰੇ | ੪੩ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸੀਸ ਝਟਕੇ ਸੀ (ਬਕਰੇ ਨਹੀਂ) | ੪੭ | ਪ੍ਰਿੰਸੀਪਲ ਕਰਤਾਰ ਸਿੰਘ ਜੀ |
| ਦਾੜ੍ਹੇ ਪ੍ਰਕਾਸ਼ ਕਰਨਾ ਗੁਰਸਿੱਖੀ ਨੂੰ ਦੇਣ ਹੈ | ੫੦ | — — — |


ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ ੯ ਸਤੰਬਰ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ੧੧ ਸਤੰਬਰ
ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ ੧੭ ਸਤੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ੨੨ ਸਤੰਬਰ

. ਪਾਣੀ ਦੀ ਮਾਰ ਨਾਲ ਪ੍ਰੈਸ-ਮੋਟਰਾਂ ਸੜਨ ਅਤੇ ਬਿਜਲੀ ਸੰਕਟ ਸਦਕਾ ਦੋ ਦਿਨ ਪਰਚਾ ਲੇਟ ਹੋ ਗਿਆ ਹੈ।

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਨੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੮. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੯. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੦. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੩.੯.੯੨ ਨੂੰ ਪ੍ਰਕਾਸ਼ਤ ਕੀਤਾ



www.AKJ.Org

ੴ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੨੫੦-੦੦

**ਪਰਦੇਸ (ਸਾਰੇ)**

ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੬ ਸਤੰਬਰ ੧੯੯੨ ਅੰਕ ੯


## ਅਸੁਨਿ ਪ੍ਰੇਮ ਉਮਾਹੜਾ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

[ਬਾਰਹਮਾਹਾ ਮਾਝ ਮਹਲਾ ੫



www.AKJ.Org

# ਅਸੂ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** : ਅਸੁਨਿ—ਅਸੂ (ਮਹੀਨੇ) ਵਿਚ। ਪ੍ਰੇਮ ਉਮਾਹੜਾ—ਪ੍ਰੇਮ ਦਾ ਉਛਾਲਾ। ਕਿਉ—ਕਿਵੇਂ ? ਮਨਿ ਤਨਿ—ਮਨ ਵਿਚ ਤਨ ਵਿਚ। ਘਣੀ—ਬਹੁਤੀ। ਆਨਿ—ਲਿਆ ਕੇ। ਮਾਇ—ਮਾਂ-ਜਾਈ, ਸਖੀ ਸਹੇਲੀ। ਸੰਤ—ਸਤਸੰਗੀ। ਹਉ—ਮੈਂ। ਤਿਨ ਕੈ ਪਾਇ—ਉਨ੍ਹਾਂ ਦੀ ਪੈਰੀਂ। ਵਿਣੁ—ਬਿਨਾਂ। ਜਾਇ-ਥਾਂ। ਪ੍ਰੇਮ ਰਸੁ—ਪ੍ਰੇਮ ਦਾ ਅੰਮ੍ਰਿਤ-ਰਸ। ਸੇ-ਉਹ (ਬਹੁਵੱਚਨ)। ਤ੍ਰਿਪਤਿ ਰਹੇ ਆਘਾਇ—ਪੂਰਨ ਤ੍ਰਿਪਤ ਹੋ ਗਏ। ਆਪੁ—ਆਪਾ ਭਾਵ। ਲੜਿ—ਲੜ ਵਿਚ, ਪਲੇ। ਲੜਿ ਲਾਇ—ਲੜ ਲਾਈ ਰਖੋ ਜੀ। ਹਰਿ ਕੰਤਿ-ਹਰੀ ਪਤੀ ਨੇ। ਮਿਲਾਈਆ—ਮਿਲਾ ਲਈ ਹੈ। ਕਤਹਿ—ਕਿਧਰੇ ਵੀ। ਮਇਆ—ਮਿਹਰ, ਕਿਰਪਾ। ਹਰਿ ਰਾਇ-ਹਰੀ ਰਾਜਾ, ਵਾਹਿਗੁਰੂ।

**ਅਰਥ** : (ਅਸੂ ਦੀ ਮਿੱਠੀ ਮਿੱਠੀ ਰੁਤ ਦੁਆਰਾ ਸਤਿਗੁਰੂ ਜੀ ਫੁਰਮਾਂਦੇ ਹਨ)—

ਹੇ ਸਖੀ ਸਹੇਲੀ ! ਅਸੂ ਵਿਚ ਪ੍ਰੀਤਮ-ਪ੍ਰਭੂ-ਪ੍ਰੇਮ ਦਾ ਉਛਾਲਾ (ਮੇਰੇ ਹਿਰਦੇ ਅੰਦਰ) ਉਛਾਲੇ ਮਾਰ ਰਿਹਾ ਹੈ, ਹਰੀ-ਪ੍ਰਭੂ ਨੂੰ ਕਿਵੇਂ ਮਿਲਿਆ ਜਾਏ ? ਮੇਰੇ ਮਨ ਵਿਚ ਅਤੇ ਤਨ ਵਿਚ ਵਾਹਿਗੁਰੂ ਜੀ ਦੇ ਦਰਸ਼ਨ ਦੀ ਬਹੁਤ ਹੀ ਪਿਆਸਾ ਹੈ, ਕੋਈ ਗੁਰਮੁਖ ਪਿਆਰਾ (ਮੇਰੇ ਪਿਆਰੇ ਪਤੀ ਨੂੰ) ਲਿਆ ਕੇ ਮਿਲਾ ਦੇਵੇ।

(ਸਤਿਗੁਰੂ ਦੀ ਸੰਗਤ ਵਿਚ ਨਾਮ-ਰੰਗਾਂ ਵਿਚ ਜੁੜੇ) ਸਤ ਪੁਰਸ਼ ਸਤਸੰਗੀ ਪ੍ਰਿਅ-ਪ੍ਰੇਮ ਵਿਚ ਸਹਾਈ ਹੁੰਦੇ ਹਨ, ਮੈਂ ਉਨ੍ਹਾਂ ਦੀ ਚਰਨੀਂ ਲਗਦੀ ਹਾਂ। ਪ੍ਰਭੂ-ਪ੍ਰੀਤਮ ਤੋਂ ਬਿਨਾਂ ਕਿਵੇਂ ਸੁਖ ਪਾ ਸਕੀਦਾ ਹੈ ? ਹੋਰ ਕਿਸੇ ਥਾਂ ਤੋਂ ਵੀ ਇਹ ਸੁਖ ਨਹੀਂ ਪਾਇਆ ਜਾ ਸਕਦਾ।

ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਵਾਹਿਗੁਰੂ ਦੇ ਪ੍ਰੇਮ-ਪਿਆਰ ਦਾ ਅੰਮ੍ਰਿਤ-ਰਸ ਭੁੰਚਿਆ ਹੈ ਉਹ ਜੀਵ ਪੂਰਨ ਤੌਰ ਤੇ ਰਜ ਗਏ ਹਨ, (ਉਨ੍ਹਾਂ ਨੂੰ ਕੋਈ ਦੁਨੀਆਵੀ ਤ੍ਰਿਸ਼ਨਾ ਨਹੀਂ ਰਹਿ ਜਾਂਦੀ)। ਉਹ ਤਾਂ ਆਪਾ ਭਾਵ (ਮੈਂ-ਮੇਰੀ) ਤਿਆਗ ਕੇ ਸਦਾ ਇਹੋ ਜੋਦੜੀਆਂ ਕਰਦੇ ਹਨ ਕਿ ਹੇ ਵਾਹਿਗੁਰੂ ਜੀ ! ਸਾਨੂੰ ਆਪਣੇ ਲੜ ਲਾਈ ਰਖੋ ਜੀ।

'ਨਾਨਕ' ਮੁਹਰ ਛਾਪ ਹੇਠ ਸਤਿਗੁਰੂ ਜੀ ਦਾ ਬਚਨ ਹੈ ਕਿ ਜਿਹੜੀ ਜੀਵ-ਇਸਤ੍ਰੀ ਵਾਹਿਗੁਰੂ-ਪਤੀ ਨੇ ਆਪਣੇ ਨਾਲ ਮਿਲਾ ਲਈ ਹੈ, ਉਹ ਫਿਰ ਆਪਣੇ ਪ੍ਰਿਅ-ਪ੍ਰੀਤਮ ਦੇ ਸੰਗ-ਸਾਥ ਤੋਂ ਵਿਛੜ ਕੇ ਹੋਰ ਕਿਤੇ ਨਹੀਂ ਜਾਂਦੀ। ਉਹ ਜਾਣਦੀ ਹੈ ਕਿ ਉਸ ਲਈ ਵਾਹਿਗੁਰੂ-ਪਤੀ ਤੋਂ ਬਿਨਾਂ ਹੋਰ ਕਿਤੇ ਕੋਈ (ਸੁਖ) ਨਹੀਂ ਹੈ, ਇਸੇ ਲਈ ਉਹ ਸਦਾ ਵਾਹਿਗੁਰੂ ਦੀ ਸ਼ਰਨ ਪਈ ਰਹਿੰਦੀ ਹੈ।

(ਅੰਤ ਵਿਚ ਕਹਿੰਦੇ ਹਨ ਕਿ) ਅਸੂ ਮਹੀਨੇ ਵਿਚ ਉਹੀ ਜੀਵ-ਇਸਤ੍ਰੀਆਂ ਸੁਖੀ ਵਸਦੀਆਂ ਹਨ ਜਿਨ੍ਹਾਂ ਉਤੇ ਵਾਹਿਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਹੁੰਦੀ ਹੈ।

**ਵਿਆਖਿਆ** : ਭਾਦਰੋਂ ਮਹੀਨੇ ਦੇ ਤ੍ਰਾਟਿਆਂ ਪਿਛੋਂ ਅਸੂ ਦੀ ਮਿੱਠੀ ਮਿੱਠੀ ਰੁਤ ਆਉਂਦੀ ਹੈ। ਸਤਿਗੁਰੂ ਦੇ ਚਰਨ ਕਮਲਾਂ ਦੇ ਭੌਰੇ ਗੁਰਸਿਖ ਦੇ ਮਨ ਤਨ ਅੰਦਰ ਦਰਸ਼ਨ-ਪਿਆਸਾ ਦੀ ਸਿਕ ਡਾਢੇ ਹੀ ਵੇਗ ਵਿਚ ਉਛਾਲੇ ਮਾਰ ਉਠਦੀ ਹੈ, ਅਤੇ ਉਹ ਪ੍ਰੇਮ-ਪੀੜਾ ਦੇ ਮਰਮੀ ਨਾਮ-ਰਸੀਏ ਗੁਰੂ-ਪਿਆਰਿਆਂ ਅਗੇ ਚਰਨਾਂ ਤੇ ਡਿਗ ਕੇ ਤਰਲੇ ਕਢਦਾ ਹੈ ਕਿ ਕੋਈ ਮੈਨੂੰ ਆਪਣੇ ਪ੍ਰੀਤਮ-ਪ੍ਰਭੂ-ਵਾਹਿਗੁਰੂ ਜੀ ਨਾਲ ਮਿਲਾ ਦੇਵੇ। ਸ੍ਰੀ ਗੁਰੂ ਅਰਜਨ ਦੇਵ ਜੀ ਮਾਰੂ ਡਖਣੇ ਦੀ ਵਾਰ ਵਿਚ ਇਸ ਭਾਵ ਨੂੰ ਇਉਂ ਅੰਕਤ ਕਰਦੇ ਹਨ--

ਮਨ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥
ਮੈਂ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ ॥
ਮੈ ਚਾਰੇ ਕੁੰਡਾ ਭਾਲੀਆ ਤੁਧੁ- ਜੇਵਡੁ ਨ ਸਾਈਆ ॥
ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥

ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥੧੨॥ (ਪੰਨਾ ੧੦੯੮)

ਹਉਮੈ, ਭਾਵ ਆਪਣਾ ਆਪ ਤਿਆਗ ਕੇ, ਆਪਣਾ ਮਨ ਗੁਰੂ-ਸੰਤ ਦੇ ਹਵਾਲੇ ਕਰ ਕੇ ਹੀ ਦਰਸ਼ਨ-ਪਿਆਸਾ ਉਪਜ ਸਕਦੀ ਹੈ। ਜਿਸ ਨੇ ਮੈਂ-ਮੇਰੀ ਤਿਆਗ ਦਿਤੀ ਹੈ ਓਹੋ ਹੀ ਇਹ ਕਹਿ ਸਕਦਾ ਹੈ—

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥
ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ਰਹਾਉ॥
ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥
ਤੁਲਾ ਧਾਰ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥੧੨੧॥ (ਪੰਨਾ ੨੦੪)

ਅਤੇ— ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋਕਉ ਪਿਰਹਿ ਮਿਲਾਵੈ ॥੧॥ਰਹਾਉ॥੧੫॥
(ਪੰਨਾ ੩੭੪-੭੫)

ਉਹ ਕਈ ਤਰ੍ਹਾਂ ਦੇ ਨਿਹੋਰੇ, ਭਾਵ, ਪ੍ਰੇਮ-ਜੋਦੜੀਆਂ ਕਰਦਾ ਪੁਕਾਰਦਾ ਹੈ ਕਿ ਪ੍ਰਭੂ ਦੇ ਦਰਸ਼ਨਾਂ ਤੋਂ ਬਿਨਾਂ ਹੋਰ ਕਿਸੇ ਐਸ਼ਵਰਜ ਦੀ ਚਾਹਨਾ ਨਹੀਂ ਹੈ—

ਓਹਾ ਪ੍ਰੇਮ ਪਿਰੀ ॥੧॥ਰਹਾਉ॥
ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ ਸੁਖੋ ਸੁਖੁ ਪਾਹੀ ॥
ਨਾਨਕ ਤਪਤ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੦੩॥ (ਆਸਾ ਮ: ੫—੪੦੬)

ਜਿਨ੍ਹਾਂ ਗੁਰਮੁਖਾਂ ਨੂੰ ਪ੍ਰੀਤਮ-ਪ੍ਰਭੂ ਦੇ ਮਿਲਾਪ ਦੀ ਸਿਕ ਹੁੰਦੀ ਹੈ, ਉਹ ਆਪਣੇ ਪਿਆਰੇ ਪ੍ਰਭੂ ਨਾਲ ਹੀ ਮਿਲੇ ਰਹਿੰਦੇ ਹਨ। ਉਨ੍ਹਾਂ ਨੂੰ ਵਾਹਿਗੁਰੂ ਜੀ ਤੋਂ ਵਿਛੜ ਕੇ ਹੋਰ ਕਿਤੇ ਵੀ ਤ੍ਰਿਪਤੀ ਨਹੀਂ ਹੁੰਦੀ। ਸ੍ਰੀ ਗੁਰੂ ਰਾਮਦਾਸ ਜੀ ਇਸ ਰਮਜ਼ ਨੂੰ ਇਉਂ ਪ੍ਰਗਟਾਉਂਦੇ ਹਨ—

ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ ॥
ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ ॥੭॥ (ਪੰਨਾ ੧੪੨੨)

ਅਤੇ— ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥......
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥ (ਪੰਨਾ ੧੪੨੨)

ਉਹ ਇਸ ਪ੍ਰੇਮ-ਪਿਆਰ ਦੇ ਉਮਾਹ ਵਿਚ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਵਿਚ ਇਹੋ ਜੋਦੜੀਆਂ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਤੁਸਾਂ ਆਪ ਹੀ ਕਰਮ (ਬਖ਼ਸ਼ਸ਼) ਕਰ ਕੇ ਇਹ ਪ੍ਰੇਮ ਦੀ ਦਾਤਿ ਬਖ਼ਸ਼ੀ ਹੈ, ਹੁਣ ਆਪ ਹੀ ਮਿਹਰ ਕਰ ਕੇ ਦਾਸ ਨੂੰ ਆਪਣੇ ਚਰਨਾਂ ਨਾਲ ਜੋੜ ਲਓ ਜੀ—

ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥
ਨਾਨਕ ਲੇਹੁ ਮਿਲਾਇ ਮੈ ਜਾਚਕ ਦੀਜੈ ਨਾਮੁ ਹਰਿ ॥੧੩॥ (ਪੰਨਾ ੧੪੨੨)

ਅੰਤ ਵਿਚ ਪ੍ਰੇਮ-ਪੀੜਾ ਵਿਚ ਕੁਠੇ, ਹਰਿ-ਪ੍ਰਭੂ ਦੀ ਸ਼ਰਨੀ ਪੈ ਕੇ ਸਤਿਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਆਪ ਤੋਂ ਬਿਨਾਂ ਸਾਰੇ ਸੰਸਾਰ ਵਿਚ ਹੋਰ ਕੋਈ ਅਜਿਹਾ ਨਹੀਂ ਦਿਸਦਾ, ਜਿਸ ਨਾਲ ਇਹ ਪ੍ਰਬਲ ਪ੍ਰੀਤ ਲਾਈ ਜਾ ਸਕੇ।

ਹਰਿ ਪ੍ਰੇਮ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥
ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥੩੦॥ (੧੪੨੪)

ਸੋ ਆਪਣੀ ਮਿਹਰ ਵਿਚ ਸਦਾ ਨਾਮ-ਅੰਮ੍ਰਿਤ ਵਿਚ ਜੋੜ ਕੇ ਸੱਚਾ ਸੁਖ ਬਖਸ਼ਦੇ ਰਹੋ ਜੀ।



www.AKJ.Org

# ਮਨ ਦੀ ਸੁਧੀ ਤੇ ਦੁਖਾਂ ਦੀ ਨਵਿਰਤੀ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨਾਮ ਦਾ ਵਿਰਦ ਕਰਕੇ, ਸੁਆਸ ਅਭਿਆਸੀ ਗਰਾਸਾਂ ਕਰਕੇ, ਸ਼ਬਦ ਸੁਰਤ ਦੇ ਪਰਚੇ ਕਰਕੇ ਦਿਨੋ ਦਿਨ ਦੂਣ ਸਵਾਈ ਚੜ੍ਹਦੀ ਕਲਾ ਵਿਚ ਕਿਰਪਾ-ਪਾਤਰ ਬੰਦਗੀ ਵਾਲੇ ਬੰਦਿਆਂ ਨੂੰ ਸਤਿਗੁਰੂ, ਨਿਤ ਨਵਤਨੇ ਜੋਬਨ ਵਿਚ ਸ਼ਿੰਗਾਰੇਗਾ। ਰਸਨਾ ਮੁਖ ਕਰਕੇ ਬੈਖਰੀ ਬਾਣੀ ਦੁਆਰਾ ਨਾਮ ਜਪਣ ਦਾ ਉਪਦੇਸ਼ ਥਾਉਂ ਥਾਈਂ ਕਰਿਆ ਪਿਆ ਹੈ, ਫਿਰ ਖ਼ਬਰ ਨਹੀਂ ਸਿਖ ਸਦਾਵਣ ਵਾਲੇ ਮਨਤਕੀ ਤਬਕੇ ਦੇ ਲੋਗ ਕਿਸ ਮੂੰਹ ਨਾਲ ਇਹ ਆਖ ਦਿੰਦੇ ਹਨ ਕਿ ਇਕ ਪਦ ਨੂੰ ਮੂੰਹੋਂ ਬਾਰੰਬਾਰ ਉਚਾਰੀ ਜਾਣ ਵਿਚ ਕੀ ਗੁਣ ਹੈ? ਐਸੇ ਪੁਰਸ਼ਾਂ ਨੂੰ ਇਕ ਹੋਰ ਕਮਲ-ਖ਼ਿਆਲੀ ਚਿੰਮੜੀ ਹੋਈ ਹੈ ਕਿ ਕੇਵਲ ਸੁਧ ਹਿਰਦੇ ਵਾਲਿਆਂ ਤੋਂ ਹੀ ਨਾਮ ਦੀ ਕਮਾਈ ਹੋ ਸਕਦੀ ਹੈ, ਸੁਧ ਹਿਰਦੇ ਨਾਲ ਹੀ ਨਾਮ ਜਪਿਆ ਪਰਵਾਨ ਅਤੇ ਫਲੀਭੂਤ ਹੋ ਸਕਦਾ ਹੈ। ਕੈਸੀ ਕੁ-ਸਮਝ ਹੈ! ਹਿਰਦਾ ਸੁਧ ਤਾਂ ਨਾਮ ਨੇ ਹੀ ਕਰਨਾ ਹੈ। ਨਾਮ-ਕਮਾਈ ਤੋਂ ਬਿਨਾਂ ਹਿਰਦਾ ਸੁਧ ਹੋ ਹੀ ਨਹੀਂ ਸਕਦਾ।

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥੧॥੨੨॥

[ਸਲੋਕੁ ਮ: ੩, ਸੋਰਠਿ ਵਾਰ ਮ: ੪, ਪੰਨਾ ੬੫੧

ਗੁਰਵਾਕ ਦੇ ਅਨੁਸਾਰ ਇਕ ਤਾਂ ਇਹ ਮਨ ਜਨਮ ਜਨਮ ਦੀ ਮੈਲ ਲਗਣ ਕਰਕੇ ਕਾਲਾ ਸਿਆਹ ਪਹਿਲਾਂ ਜਮਾਂਦਰੂ ਹੀ ਹੈ। ਫੇਰ ਏਸ ਜਨਮ ਵਿਚ ਅਨਿਕ ਪ੍ਰਕਾਰੀ ਕੁਸੰਗ ਹੋਣ ਦੇ ਕਾਰਨ ਪਾਪਾਂ ਦੀ ਮੈਲ ਹੋਰ ਵਧੇਰੇ ਲਗ ਜਾਣ ਕਰਕੇ ਇਹ ਮਨ ਅਹਿਨਿਸ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨਾਲ ਅੱਟਿਆ ਹੋਇਆ ਹੈ, ਤਾਂ ਆਪੋਂ ਸੁਧ ਕਿਵੇਂ ਹੋਵੇ:

ਨਾਨਕ ਮੈਲਾ ਊਜਲੁ ਤਾਂ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥੧੨॥

[ਸਲੋਕ ਮ: ੩, ਸਿਰੀ ਰਾਗੁ ਕੀ ਵਾਰ, ਪੰਨਾ ੮੭

ਗੁਰਵਾਕ ਦੇ ਭਾਵ ਅਨੁਸਾਰ ਨਾਮ ਰੂਪੀ ਗੁਰ-ਸ਼ਬਦ-ਕਮਾਈ ਬਿਹੂਣ ਮਨ ਦੀ ਮੈਲ ਨਹੀਂ ਉਤਰਦੀ। ਨਾਮ ਸਿਮਰਨ ਗੁਰ-ਮੰਤ੍ਰ ਦਾ ਜਾਪ ਜਪਣ ਵਿਚ ਖ਼ਾਸ ਅੰਮ੍ਰਿਤ ਰਸਾਇਣੀ ਪਾਰਸ-ਕਲਾ ਹੈ, ਜਿਸ ਦੇ ਪ੍ਰਭਾਵ ਪ੍ਰਤਾਪ ਕਰਿ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ। ਯਥਾ ਗੁਰਵਾਕ—

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥
ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥੮੭॥

[ਸਿਰੀਰਾਗ ਮ: ੫, ਪੰਨਾ ੪੮

ਅਸ਼ਰਧਕ ਲੋਕਾਂ ਨੂੰ ਯਕੀਨ ਨਹੀਂ ਆਉਂਦਾ ਕਿ ਜੀਭ ਰਸਨਾ ਦੁਆਰਾ ਸਿਮਰਨ ਕੀਤਿਆਂ ਮਨ ਦੀ ਮੈਲ਼ ਕਿਵੇਂ ਉਤਰ ਜਾਂਦੀ ਹੈ, ਪਰ:

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥੧॥੮੯॥ [ਸਿਰੀਰਾਗੁ ਮ: ੫, ਪੰਨਾ ੪੯

ਗੁਰਵਾਕ ਦ੍ਰਿੜ੍ਹ ਕਰਾਉਂਦਾ ਹੈ ਕਿ ਰਸਨਾ ਦੁਆਰਾ ਸਚਾ ਨਾਮ ਸਿਮਰਨ ਕਰ ਕੇ ਮਨ ਤੇ ਤਨ ਦੋਵੇਂ ਨਿਰਮਲ ਹੋ ਜਾਂਦੇ ਹਨ। ਇਹ ਤਾਂ ਥੋੜੀ ਹੀ ਗੱਲ ਹੈ, ਅੰਮ੍ਰਿਤ ਨਾਮ ਤਾਂ ਜੰਮਣ ਮਰਨਾ ਮੇਟ ਦਿੰਦਾ ਹੈ। ਯਥਾ:

ਗੁਰ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥੩॥੯੦॥ [ਸਿਰੀਰਾਗੁ ਮ: ੫, ਪੰ: ੪੯

ਅਤੇ ਇਸ ਜਨਮ ਵਿਖੇ ਅੰਮ੍ਰਿਤ ਨਾਮ ਰੂਪੀ ਗੁਰਮੰਤ੍ਰ ਪ੍ਰਾਪਤ ਕਰਕੇ ਅਤੇ ਇਸ ਗੁਰਮੰਤ੍ਰ ਨੂੰ ਅਹਿਨਿਸ ਉਰਿਧਾਰੇ ਰਖਣ ਦਾ ਇਹ ਪਾਰਸ-ਭੂਤੀ-ਫਲ ਹੁੰਦਾ ਹੈ ਕਿ ਜੀਊਂਦੇ-ਜੀ ਉਸ ਨੂੰ ਸੰਸਾਰ ਦਾ ਕੋਈ ਭਉ ਦੁਖ ਕਲੇਸ਼ ਨਹੀਂ ਵਿਆਪ ਸਕਦਾ। ਯਥਾ ਗੁਰਵਾਕ:


www.AKJ.Org

ਦੂਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ ॥੨॥੬੪॥ [ਸਿਰੀਰਾਗੁ ਮ: ੫, ਪੰਨਾ ੫੧
ਨਾਮ ਗੁਰਮੰਤ੍ਰ ਅਤੇ ਨਾਮ ਦੀ ਪਾਰਸ-ਕਲਾ ਤੋਂ ਮੁਨਕਰਾਂ ਦੇ ਸੋਧਣ ਲਈ ਇਹ ਤਕੜਾ ਤਾਜ਼ੀਆਨਾ ਹੈ।

ਉਪਰਲੇ ਭਾਵ ਦੀ ਪ੍ਰੋੜ੍ਹਤਾ ਲਈ ਨਾਲ ਲਗਦੇ ਹੀ ਹੋਰ ਗੁਰਵਾਕ ਦੀ ਪੁਸ਼ਟੀ ਲਓ। ਯਥਾ :

ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥
ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥੫੪॥

[ਗਉੜੀ ਪੂਰਬੀ ਮ: ੪, ਪੰਨਾ ੧੬੯

ਹਰਿ ਹਰਿ ਪਦ ਨਾਮ ਦੇ ਨਾਲ ਮੁੜ ਮੁੜ ਲਿਖਣ ਦਾ ਭਾਵ ਇਹ ਹੈ ਕਿ ਗੁਰਮਤਿ ਨਾਮ ਨੂੰ ਇਸ ਬਿਧ ਮੁੜ ਮੁੜ ਓਹੀ ਨਾਮ ਉਚਾਰ ਕੇ ਬਾਰ ਬਾਰ ਜਪਣਾ ਹੈ, ਅਰਥਾਤ, ਅੱਠੋ ਪਹਿਰ ਇਸ ਦਾ ਜਾਪ ਸਿਮਰਨ ਕਰਨਾ ਹੈ। ਕਿਸੇ ਉਕਤੀ ਯੁਕਤੀ ਦੀ ਕੋਈ ਲੋੜ ਨਹੀਂ। ਕੇਵਲ ਸਹਜ ਸੁਭਾਇ ਹੀ ਗੁਰਬਾਣੀ ਤੇ ਨਾਮ ਦਾ ਅਰਾਧਨ ਆਪਣੀ ਪਾਰਸ-ਕਲਾ ਵਰਤਾਏ ਬਿਨਾਂ ਨਹੀਂ ਰਹਿੰਦਾ। ਯਥਾ ਗੁਰਵਾਕ :

ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥੩॥
ਦੂਖੁ ਦਰਦੁ ਜਮੁ ਨੇੜਿ ਨ ਆਵੈ ॥ ਕਹੁ ਨਾਨਕ ਜੋ ਹਰਿ ਗੁਨ ਗਾਵੈ ॥੪॥੫੯॥੧੨੮॥

[ਗਉੜੀ ਮ: ੫, ਪੰਨਾ ੧੯੧

ਇਸ ਭਾਵ ਦੀ ਪ੍ਰੋੜ੍ਹਤਾ ਵਿਚ ਇਹ ਅਗਲਾ ਗੁਰਵਾਕ ਖ਼ੂਬ ਨਿਸ਼ਾ ਕਰਦਾ ਹੈ :

ਨਿਰਮਲ ਗੁਣ ਗਾਵਹੁ ਨਿਤ ਨੀਤ ॥ ਗਈ ਬਿਆਧਿ ਉਬਰੇ ਜਨ ਮੀਤ ॥੩॥੧੭੧॥

[ਗਉੜੀ ਮ: ੫, ਪੰਨਾ ੨੦੦

ਰਸਨਾ ਦੁਆਰਾ ਨਾਮ ਜਪਣ ਦੀ ਚੁੰਭਕ ਕਲਾ ਐਸੀ ਹੈ ਕਿ ਬੜੇ ਬੜੇ ਮਹਾਂ ਕਸ਼ਟ ਭੀ ਇਕ ਖਿਨ ਵਿਚ ਕਟੇ ਜਾਂਦੇ ਹਨ। ਯਥਾ ਗੁਰਵਾਕ :

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥੧॥੧੩੮॥

[ਗਉੜੀ ਪੂਰਬੀ ਮ: ੫, ਪੰਨਾ ੨੧੦

ਨਾਮ ਭਜਨੀਕ ਸੰਤਾਂ ਭਗਤਾਂ ਲਈ ਹਰਿ-ਜਸ ਕਰਨਾ, ਸੁਣਨਾ ਅਥਵਾ ਗਾਵਣਾ ਜੀਵਨ ਰੂਪ ਜੀਵਾਂ ਦਾ ਮੂਲ ਹੈ, ਜਿਸ ਬਿਨਾਂ ਨਾਮ ਰਸੀਏ ਜਨ ਜੀਉ ਨਹੀਂ ਸਕਦੇ, ਸੁਆਸਿ ਸੁਆਸਿ ਇਸ ਨਾਮ ਰੂਪੀ ਜੀਵਨ-ਰਾਸ ਅੰਮ੍ਰਿਤ ਪੂੰਜੀ ਨੂੰ ਭੁੰਚ ਭੁੰਚ ਜੀਉਂਦੇ ਹਨ। ਯਥਾ ਗੁਰਵਾਕ :

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥
ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥੪॥੩॥੧੭੧॥

[ਗਉੜੀ ਮਾਝ ਮ: ੫, ਪੰਨਾ ੨੧੮

ਤਾਹੀਂ ਤੇ ਸਤਿਗੁਰੂ ਨੇ ਨਾਮ ਨੂੰ ਸਰਬ ਫਲ ਪਰਦਾਤਾ, ਪਾਰਜਾਤ ਅਤੇ ਸਰਬ ਕਾਮਨਾ ਪੁਜਾਵਨਹਾਰ ਕਾਮਧੇਨ ਰੂਪ ਕਰਕੇ ਗੁਰਬਾਣੀ ਅੰਦਰਿ ਦਰਸਾਇਆ ਹੈ। ਯਥਾ ਗੁਰਵਾਕ :

ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥੮॥੨॥

[ਗਉੜੀ ਸੁਖਮਨੀ ਮ: ੫, ਪੰਨਾ ੨੬੫

ਸਾਰਿਆਂ ਰੋਗਾਂ ਦਾ ਅਉਖਧ ਰੂਪ ਦਾਰੂ ਭੀ ਨਾਮ ਹੀ ਹੈ ਅਤੇ ਉਸ ਦੇ ਮੰਗਲ-ਮਈ ਗੁਣ ਗਾਵਣੇ ਕਲਿਆਣਕਾਰੀ ਹਨ। ਯਥਾ ਗੁਰਵਾਕ :

ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥੫॥੬॥

[ਗਉੜੀ ਸੁਖਮਨੀ ਮ: ੫, ਪੰਨਾ ੨੭੪

ਮੰਗਲ ਗੁਣ ਗਾਉਣ ਨਾਲ ਹਉਮੈ ਰੂਪੀ ਬਿਖ ਅਤੇ ਮੈਲ ਭੀ ਦੂਰ ਹੋ ਜਾਂਦੀ ਹੈ। ਗੁਰਵਾਕ :


www.AKJ.Org

ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥੭॥੧੯॥

[ਗਉੜੀ ਸੁਖਮਨੀ ਮ: ੫, ਪੰਨਾ ੨੮੯

ਇਸ ਹਉਮੈ ਦੀ ਮੈਲ ਰੂਪੀ ਬਿਖ ਦੇ ਅੰਮ੍ਰਿਤ ਨਾਮ ਦੁਆਰਾ ਉਤਰ ਜਾਣ ਦੀ ਅਗਲੇਰਾ ਗੁਰਵਾਕ ਸ਼ਾਹਦੀ ਭਰਦਾ ਹੈ :

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰਧਾਰਿ ॥੨॥੧॥ [ਮ: ੪, ਪੰਨਾ ੩੦੦

ਇਹ ਅੰਮ੍ਰਿਤ ਨਾਮ ਐਸਾ ਪਵਿਤਰ ਅਤੇ ਪਾਵਨ ਪੁਨੀਤ ਹੈ ਕਿ ਇਸ ਦੇ ਮੁਖ ਕਰਕੇ ਬੋਲਣ ਨਾਲ ਹੀ ਸਭ ਦੁਖ ਦਲਿਦਰ ਦੂਰ ਹੋ ਜਾਂਦੇ ਹਨ। ਯਥਾ ਗੁਰਵਾਕ :

ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥੨॥੨॥ [ਮ: ੪, ਪੰਨਾ ੩੦੧

ਹੁਣ ਭੀ ਕੋਈ ਕਸਰ ਬਾਕੀ ਹੈ ਮਨਤਕੀ ਦਲੀਲ-ਬਾਜ਼ਾਂ ਦੀ ਤਸੱਲੀ ਕਰਨ ਦੀ, ਜੋ ਕਹਿੰਦੇ ਹਨ ਕਿ ਮੂੰਹ ਨਾਲ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਬੋਲੀ ਜਾਣ ਨਾਲ ਕੀ ਬਣਦਾ ਹੈ। ਏਹ ਹੈ ਗੁਰਮਤਿ ਨਾਮ ਦੀ ਮੁਖ ਬੋਲੀ ਪਾਰਸ-ਕਲਾ।

ਸਦਾ ਸਦਾ ਗੁਣ ਉਚਰੈ ਦੂਖੁ ਦਾਲਦੁ ਗਇਆ ਬਿਲਾਇ ॥੧॥੧੬॥ [ਸਲੋਕ ਮ: ੫,ਪੰਨਾ ੩੨੧

ਰੂਪੀ ਗੁਰਵਾਕ ਇਤਰਾਜ਼ ਕਰਨ ਵਾਲਿਆਂ ਦੀ ਮਤਿ ਠਿਕਾਣੇ ਕਰਦਾ ਹੈ, ਜੋ ਕਹਿੰਦੇ ਹਨ ਕਿ ਗੁਰਬਾਣੀ ਜਾਂ ਗੁਰਮੰਤ੍ਰ ਦਾ ਮੁੜ ਮੁੜ ਪਾਠ ਕਰਨਾ ਐਵੇਂ ਬਕਰੀ ਵਾਂਗੂੰ ਮੂੰਹ ਮਾਰਨਾ ਹੈ। ਗੁਰਵਾਕ ਦਾ ਫ਼ੁਰਮਾਨ ਹੁਕਮ ਤਾਂ ਇਹ ਹੈ ਕਿ "ਸਦਾ ਸਦਾ ਗੁਣ ਉਚਰੈ" ਅਤੇ ਇਸ ਦਾ ਪਾਰਸ ਚੁੰਭਕੀ ਫਲ ਇਹ ਹੈ : "ਦੂਖੁ ਦਾਲਦੁ ਗਇਆ ਬਿਲਾਇ", ਫੇਰ ਦਸੋ ਕਿ ਹੁਣ ਸ਼ਕ ਵਾਲੀ ਕਿਹੜੀ ਗੱਲ ਰਹਿ ਗਈ। ਫੇਰ ਇਸੇ ਭਾਵ ਦੀ ਪ੍ਰੋੜ੍ਹਤਾ ਹਿਤ ਹੇਠਲਾ ਗੁਰਵਾਕ ਭੀ ਖ਼ੂਬ ਸੋਭਦਾ ਹੈ :

ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥
ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ਰਹਾਉ॥੯॥

]ਆਸਾ ਮ: ੫, ਪੰਨਾ ੩੭੩

ਤਨ ਤੇ ਮਨ ਦੇ ਸਾਰੇ ਰੋਗਾਂ ਦੇ ਦੂਰ ਕਰਨ ਲਈ ਸੱਚਾ ਨਾਮ ਕਿਆ ਅਜਬ ਅਉਖਧ ਸਾਬਤ ਹੋਇਆ। ਸਤਿਗੁਰੂ ਦੀ ਬਾਣੀ ਅੰਮ੍ਰਿਤ ਕਲਾ ਸੰਪੰਨ ਹੈ, ਇਸ ਦੇ ਅਰਥ ਲਾਉਣ ਦੀ ਲੋੜ ਨਹੀਂ, ਨਾ ਏਥੇ ਕੋਈ ਸੋਚ ਵਿਚਾਰਾਂ ਦੇ ਸਿਲਸਿਲੇ ਛੇੜਨ ਦੀ ਲੋੜ ਹੈ। ਲੋੜ ਹੈ ਤਾਂ ਕੇਵਲ ਸ਼ਰਧਾ ਭਗਤਿ ਭਾਵਨੀ ਦੀ ਹੈ। ਅੰਮ੍ਰਿਤ ਬਾਣੀ ਦੇ ਬੋਲਣ ਨਾਲ ਹੀ ਬੋਲਣਹਾਰੇ ਦੇ ਮੁਖ ਵਿਖੇ ਅੰਮ੍ਰਿਤ ਪੈਂਦਾ ਹੈ। ਯਥਾ ਗੁਰਵਾਕ :

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ ॥੨॥੬॥ [ਪੰਨਾ ੪੯੪

ਤਥਾ— ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥
ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥ [ਗੂਜਰੀ ਮ: ੪, ਪੰਨਾ ੪੯੩

ਵਾਹ ! ਧੰਨ ! ਗੁਰਬਾਣੀ ਦੀ ਅੰਮ੍ਰਿਤ ਪਾਰਸ ਪਰਸ, ਸ਼ਰਧਾ ਭਗਤਿ ਸੇਤੀ ਸੁਣਨ ਪੜ੍ਹਨਹਾਰੇ ਦੋਹਾਂ ਦਾ ਨਿਸਤਾਰਾ ਹੋ ਜਾਂਦਾ ਹੈ। ਅਸੀਂ ਹਰ ਰੋਜ਼ ਸਿਰੀ ਅਨੰਦ ਸਾਹਿਬ ਦੇ ਪਾਠ ਵਿਚ ਪੜ੍ਹਦੇ ਸੁਣਦੇ ਹਾਂ ਕਿ :

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥ [ਪੰਨਾ ੯੨੨

['ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ


www.AKJ.Org

# ਨਦਰਿ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਮਾਲਕ ਜਦੋਂ ਆਪਣੇ ਦਾਸਾਂ ਤੇ ਤ੍ਰੁਠਦਾ ਹੈ ਤਾਂ ਉਹ ਮਿਹਰ ਦੀ ਨਜ਼ਰ ਨਾਲ ਦੇਖਦਾ ਹੈ। ਉਸ ਵੇਲੇ ਉਸ ਦੀ ਬਖ਼ਸ਼ਸ਼ ਦਾ ਦਰ ਖੁੱਲ੍ਹਦਾ ਹੈ ਅਤੇ ਉਸ ਦੀਆਂ ਰਹਿਮਤਾਂ ਦਾ ਮੀਂਹ ਵਰਸਣ ਲੱਗ ਪੈਂਦਾ ਹੈ; ਅੱਖ ਦੇ ਇਕ ਫੋਰ ਵਿਚ ਹੀ ਹਲਤ ਪਲਤ ਸਵਾਰਿਆ ਜਾਂਦਾ ਹੈ। ਮਾਲਕ ਦੀ ਰਹਿਮਤ (ਰਹਿਮ ਦੀ ਨਜ਼ਰ) ਹੋਈ ਨਹੀਂ ਕਿ ਆਸਾਂ ਉਮੀਦਾਂ ਪੂਰੀਆਂ ਹੋਈਆਂ ਨਹੀਂ। ਬੱਸ, ਖਸਮ ਪ੍ਰਭੂ ਦੀ ਸਵੱਲੀ ਨਦਰਿ ਦੀ ਹੀ ਦੇਰ ਹੈ।

ਜਿੰਨੀ ਦੇਰ ਖਸਮ ਦੀ ਸਵੱਲੀ ਨਦਰਿ ਨਹੀਂ ਹੁੰਦੀ ਉੱਨੀ ਦੇਰ ਜੀਵ ਮਾਇਆ ਦੇ ਭੰਬਲ-ਭੂਸਿਆਂ ਵਿਚ ਫਸਿਆ ਅਤਿ ਦੁਖੀ ਹੁੰਦਾ ਹੈ। ਜਿਉਂ ਜਿਉਂ ਉਹ ਸੁਖ ਦੀ ਭਾਲ ਵਿਚ ਆਪਣੇ ਮਨ ਮਗਰ ਭੱਜਦਾ ਹੈ ਤਿਉਂ ਤਿਉਂ ਮਾਇਆ ਦੇ ਜਾਲ ਵਿਚ ਹੋਰ ਉਲਝਦਾ ਜਾਂਦਾ ਹੈ। ਭੱਜਦਾ ਤਾਂ ਉਹ ਸੁਖ ਵਾਸਤੇ ਹੈ, ਪਰ ਅੱਗੋਂ ਦੁੱਖ ਹੀ ਘੇਰਾ ਪਾਈ ਜਾਂਦੇ ਹਨ। ਜੀਵ ਨੂੰ ਇਹ ਸਮਝ ਨਹੀਂ ਆਉਂਦੀ ਕਿ ਉਹ ਤਾਂ ਮਿੱਟੀ ਦਾ ਪੁਤਲਾ ਹੀ ਹੈ ਅਤੇ ਪ੍ਰਭੂ ਦੀ ਸਵੱਲੀ ਨਦਰਿ ਬਿਨਾ ਭੰਬਲ-ਭੂਸੇ ਹੀ ਹਨ।

ਸ੍ਰਿਸ਼ਟੀ ਦਾ ਸਾਰਾ ਖੇਲ੍ਹ ਹੀ ਦਾਤੇ ਦੀ ਨਦਰਿ ਅਨੁਸਾਰ ਚਲਦਾ ਹੈ। ਜਿਵੇਂ ਉਸਨੂੰ ਭਾਉਂਦਾ ਹੈ ਤਿਵੇਂ ਹੀ ਹੁੰਦਾ ਹੈ, ਸਾਰੀ ਖੇਡ ਉਸ ਦੇ ਹੁਕਮ ਦੀ ਹੀ ਹੈ। ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਲੋਕੀ ਉਸੇ ਤਰ੍ਹਾਂ ਦੇ ਕੰਮਾਂ ਵਿਚ ਲੱਗ ਜਾਂਦੇ ਹਨ। ਜਿਵੇਂ ਉਹ ਨਦਰਿ ਕਰਦਾ ਹੈ ਉਸੇ ਹੀ ਤਰ੍ਹਾਂ ਦਾ ਸਾਂਗ ਬਣਾ ਕੇ ਮਾਟੀ ਕਾ ਪੁਤਲਾ ਨੱਚਣ ਲੱਗ ਪੈਂਦਾ ਹੈ।

ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ, ਬਿਨੁ ਨਦਰੀ ਨਾਹੀ ਕੋ ਭੇਖੁ ॥੩॥੧੩॥

(ਸੂਹੀ ਮ: ੪, ਪੰਨਾ ੭੩੫)

ਅਕਾਲ ਪੁਰਖ ਦੇ ਹੁਕਮ ਅਨੁਸਾਰ ਜੀਵ ਵੱਖ-ਵੱਖ ਜੂਨਾਂ ਭੋਗਦਾ ਹੈ। ਉਸ ਦੇ ਭਾਣੇ ਅੰਦਰ ਹੀ ਉਸ ਨੂੰ ਸਭ ਤੋਂ ਉੱਚੀ ਮਨੁੱਖ ਜੂਨ ਵਿਚ ਜਨਮ ਮਿਲਦਾ ਹੈ। ਮਨੁੱਖਾ ਜੂਨ ਜੀਵ ਦੀ ਬੰਦ-ਖਲਾਸੀ ਲਈ ਸਭ ਤੋਂ ਉੱਤਮ ਮੌਕਾ ਹੈ. ਇਹ ਜਨਮ ਜਨਮਾਂਤਰਾਂ ਦੇ ਗੇੜ ਵਿਚੋਂ ਬਾਹਰ ਨਿਕਲਣ ਦਾ ਆਖ਼ਰੀ ਡੰਡਾ ਹੈ। ਜੇ ਜੀਵ ਇਸ ਡੰਡੇ ਤੋਂ ਤਿਲ੍ਹਕ ਗਿਆ ਤਾਂ ਮੁੜ ਚੁਰਾਸੀ ਦੇ ਚੱਕਰ ਵਿਚ ਫਸ ਜਾਵੇਗਾ ਅਤੇ ਮੁੜ ਕੇ ਮਨੁੱਖਾ ਜਨਮ ਪ੍ਰਾਪਤ ਕਰਨ ਲਈ ਉਸ ਨੂੰ ਚੁਰਾਸੀ ਲੱਖ ਜੂਨੀਆਂ ਦਾ ਗੇੜ ਪੂਰਾ ਕਰਨਾ ਪਵੇਗਾ। ਤਾਂ ਤੇ ਪ੍ਰਾਣੀ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਮਾਨਸ ਜਨਮ ਦੁਰਲੱਭ ਹੈ ਅਤੇ ਬਾਰ-ਬਾਰ ਨਹੀਂ ਮਿਲਦਾ। ਸੋ, ਮਨੁੱਖ ਨੂੰ ਹੰਭਲਾ ਮਾਰਨਾ ਚਾਹੀਦਾ ਹੈ, ਤਾਂ ਜੁ ਮੁੜ ਜਨਮ ਜਨਮਾਂਤਰਾਂ ਦੇ ਚੱਕਰ ਵਿਚ ਨਾ ਪਵੇ।

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥੪॥੨੨॥੯੨॥

(ਸਿਰੀਰਾਗੁ ਮ: ੫, ਪੰਨਾ ੫੦)

ਮਨੁੱਖਾ ਜਨਮ ਦੇ ਤਿੰਨ ਪੜਾ ਹਨ--ਬਾਲ, ਜੁਆਨੀ ਤੇ ਬਿਰਧ ਅਵਸਥਾ। ਜਦੋਂ ਮਨੁੱਖ ਜਨਮ ਲੈਂਦਾ ਹੈ ਤਾਂ ਉਹ ਮਾਇਆ ਦੇ ਜਾਲ ਵਿਚ ਆ ਫਸਦਾ ਹੈ। ਮੋਹ ਦੀਆਂ ਤੰਦਾਂ ਉਸ ਦੇ ਦੁਆਲੇ ਉਲੀਕੀਆਂ ਜਾਂਦੀਆਂ ਹਨ, ਲੋਭ-ਲਹਿਰ ਵਿਚ ਫਸ ਜਾਂਦਾ ਹੈ ਅਤੇ ਹਉਮੈ ਰੋਗ ਆ ਗ੍ਰਸਦਾ ਹੈ। ਜਵਾਨ ਹੁੰਦੇ ਸਾਰ ਹੀ ਕਾਮ ਰੋਗ ਆ ਚੰਬੜਦਾ ਹੈ।

ਕਾਮ ਦੇ ਪ੍ਰਵੇਸ਼ ਕਰਦਿਆਂ ਹੀ ਮਨੁੱਖ ਦੇ ਸ੍ਰੀਰ ਵਿਚੋਂ ਸ਼ਕਤੀ ਖੁਰਨ ਲੱਗ ਪੈਂਦੀ ਹੈ ਅਤੇ ਸਰੀਰ ਦਾ ਬਲ ਘਟਣ ਲੱਗ ਪੈਂਦਾ ਹੈ। ਕਮਜ਼ੋਰੀ ਕਾਰਨ ਕ੍ਰੋਧ ਉਠਣਾ ਸ਼ੁਰੂ ਹੋ ਜਾਂਦਾ ਹੈ। ਮਾਇਆ ਦੀ ਲਭਤ ਕਾਰਨ



www.AKJ.Org

ਹੰਕਾਰ ਪੈਦਾ ਹੋ ਜਾਂਦਾ ਹੈ ਅਤੇ ਮਨੁੱਖ "ਮੈਂ ਮੈਂ" ਕਰਨ ਲੱਗ ਪੈਂਦਾ ਹੈ। "ਮੈਂ-ਮੇਰੀ" ਦੇ ਚੱਕਰ ਵਿਚ ਫਸ ਕੇ ਮਨੁੱਖ ਆਪਣੇ ਮੂਲ ਨੂੰ ਭੁੱਲ ਬੈਠਦਾ ਹੈ, ਅਰਥਾਤ, ਖਸਮ ਪ੍ਰਭੂ ਨੂੰ ਵਿਸਾਰ ਦਿੰਦਾ ਹੈ । ਉਸ ਨੂੰ ਹਉਂ-ਮੈਂ (ਹਉਮੈ) ਦੀ ਖੁਮਾਰੀ ਇੰਨੀ ਚੜ੍ਹ ਜਾਂਦੀ ਹੈ ਕਿ ਅਕਾਲ ਪੁਰਖ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦਾ ਹੈ। ਖਸਮ-ਪ੍ਰਭੂ ਤੋਂ ਭੁੱਲੀ ਜੀਵ-ਇਸਤ੍ਰੀ ਛੁੱਟੜ ਬਣ ਜਾਂਦੀ ਹੈ ਅਤੇ ਦਰ-ਦਰ ਦੇ ਧੱਕੇ ਖਾਂਦੀ ਫਿਰਦੀ ਹੈ ।

ਜੀਵ ਦੀ ਬੰਦ-ਖਲਾਸੀ ਲਈ ਇਹ ਗੱਲ ਜ਼ਰੂਰੀ ਹੈ ਕਿ ਉਹ ਸੁਹਾਗ ਵਾਲੀ, ਅਰਥਾਤ, ਸੁਹਾਗਣ ਬਣੇ ਅਤੇ ਗੁਰੂ ਦੇ ਚਰਨਾਂ ਨਾਲ ਚਿਤ ਲਾਏ, ਜਿਵੇਂ ਗੁਰੂ ਅਮਰਦਾਸ ਜੀ ਨੇ ਕਿਹਾ ਹੈ—

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥
ਸਦਾ ਹੋਵਹਿ ਸੋਹਾਗਣੀ, ਹਰਿ ਜੀਉ ਮਰੈ ਨ ਜਾਏ ਰਾਮ ॥੧॥ (ਸੂਹੀ ਮ: ੩, ਪੰਨਾ ੭੭੧)

ਜੀਵ ਤਾਂ ਇਸ ਦੁਨੀਆ ਵਿਚ ਆਉਂਦਾ ਹੀ ਮਾਇਆ ਦੇ ਚੱਕਰ ਵਿਚ ਫਸ ਗਿਆ। ਇਕ ਦੋ ਨਹੀਂ, ਸਗੋਂ ਪੰਜ ਡਾਕੂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਉਸ ਦੇ ਮਗਰ ਪੈ ਗਏ। ਹਉਮੈ ਨੇ ਉਸ ਨੂੰ ਪਾਗਲ ਬਣਾ ਦਿੱਤਾ, ਪ੍ਰਭੂ ਨੂੰ ਭੁੱਲ ਗਿਆ ਅਤੇ ਆਪਣੇ ਮਨ ਦੇ ਮਗਰ ਦੌੜਦਾ ਹੋਇਆ "ਮਨਮੁਖ" ਬਣ ਗਿਆ। ਅਕਾਲ ਪੁਰਖ ਨੇ ਜੀਵ ਨੂੰ ਮਨਮੁਖਤਾ ਕਾਰਨ ਦੁਖੀ ਹੁੰਦਾ ਦੇਖਿਆ। ਉਸ ਨੂੰ ਤਰਸ ਆਇਆ। ਜੀਵ ਤੇ ਸਵੱਲੀ ਨਦਰਿ ਹੋਈ। ਪੂਰਬਲੇ ਕਰਮਾਂ ਦਾ ਅੰਗੂਰ ਫੁੱਟਿਆ ਤਾਂ ਗੁਰੂ ਸੁਆਰੇ, ਗੁਰੂ ਦੁਲਾਰੇ, ਗੁਰੂ ਪਿਆਰੇ, ਗੁਰਮੁਖ ਗੁਰਸਿੱਖਾਂ ਦਾ ਸੰਗ ਮਿਲਿਆ ਅਤੇ ਸਾਧ ਸੰਗਤਿ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਸਾਧ ਸੰਗਤਿ ਮਾਨ-ਸਰੋਵਰ ਵਿਚ ਟੁੱਭੀ ਲਾਣ ਸਦਕਾ ਅਗਿਆਨਤਾ ਦਾ ਅੰਨ੍ਹੇਰਾ ਦੂਰ ਹੋਣ ਲੱਗਾ । ਸੱਚੀ ਸੰਗਤ, ਸਤਿ ਸੰਗਤ ਵਿਚ ਸਤਿਗੁਰੂ ਦੇ ਸੱਚੇ ਸੁੱਚੇ, ਸਤਿ ਦੇ ਮਾਰਗ ਤੇ ਚੱਲਣ ਵਾਲੇ, ਸੱਚੇ ਸੌਦੇ ਦੇ ਵਿਉਪਾਰੀ, ਖਾਲਸ ਜਨਾਂ, ਗੁਰੂ ਖਾਲਸੇ ਦੇ ਦਰਸ਼ਨ ਦੀਦਾਰਿਆਂ ਦੇ ਸੁਭਾਗ ਪ੍ਰਾਪਤ ਹੋਏ, ਸਤਿਗੁਰੂ ਦੀ ਸ਼ਰਨ ਬੈਠ ਕੇ ਅਨੇਕ ਗੁਰਮਖ ਪਿਆਰਿਆਂ ਦੇ ਚਰਨਾਂ ਦੀ ਧੂੜੀ ਪਰਸਣ ਦਾ ਮੌਕਾ ਮਿਲਿਆ।

ਹਰਿ-ਜਸ ਸੁਣਨ ਨਾਲ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋਣ ਲੱਗਾ। ਸਾਧ ਸੰਗਤਿ ਵਿਚ ਅੰਮ੍ਰਿਤ ਮਈ ਬਾਣੀ ਦੀ ਵਰਖਾ ਹੋਈ । ਚਿਰਾਂ ਤੋਂ ਭੁੱਖੀ ਆਤਮਾ ਨੂੰ ਅੰਮ੍ਰਿਤ-ਭੋਜਨ ਮਿਲਿਆ, ਅੰਮ੍ਰਿਤ-ਸਰ (ਅੰਮ੍ਰਿਤ ਸਰੋਵਰ) ਦੇ ਇਸ਼ਨਾਨ ਦਾ ਸੋਹਣਾ ਸੰਬੰਧ ਬਣ ਗਿਆ। ਗੁਰ-ਗੁਫਾ ਸਾਧ ਸੰਗਤਿ ਵਿਚ ਆਪਣੇ ਨਾਲੋਂ ਅਨੋਖੀ ਅਤੇ ਚੰਗੇਰੀ ਰਹਿਣੀ ਬਹਿਣੀ ਵਾਲੀਆਂ ਸੂਰਤਾਂ ਦੇ ਦੀਦਾਰੇ ਕਰ ਕੇ ਮਨ ਨੂੰ ਕੁਝ ਟੁੰਬਣ ਲੱਗੀ। ਮਨ ਨੇ ਕੁਝ ਸੋਚਣਾ ਸ਼ੁਰੂ ਕਰ ਦਿੱਤਾ, ਮਾਨ ਸਰੋਵਰ ਦੇ ਹੰਸਲੇ ਗੁਰਮੁਖ ਜਨਾਂ ਅਤੇ ਚੀਕੜ-ਫਾਥੇ ਮਾਇਆ-ਧਾਰੀ ਬਗਲਿਆਂ ਦੇ ਅੰਤਰ (ਫਰਕ) ਬਾਰੇ ਮਨ ਵਿਚ ਖੁੜਕਣਾ ਹੋਈ । ਕੁਝ ਕਰਾਮਾਤ ਜਿਹੀ ਭਾਸੀ, ਮਨ ਗੁਰੂ-ਗੁਫਾ ਵਲ ਪ੍ਰੇਰਿਆ ਗਿਆ। ਇਹ ਸਭ ਕੁਝ ਪ੍ਰਭੂ ਦੀ ਨਦਰਿ ਦੇ ਤੁਫ਼ੈਲ ਹੀ ਹੋਇਆ।

ਦਾਤਾਰ ਹੀ ਨਦਰਿ ਹੋਈ, ਸਤਿ-ਮਾਰਗ ਦੀ ਕੁਝ ਸੋਝੀ ਹੋਈ। ਸੱਚੇ ਸਤਿਗੁਰੂ ਅਤੇ ਇਸ ਦੇ ਖਾਲਸੇ ਦੇ ਦਰਸ਼ਨ ਦੀਦਾਰੇ ਹੋਏ। ਸਤਿਗੁਰੂ ਦੇ ਬਚਨ ਸੁਣਨ ਅਤੇ ਹਰਿ-ਜਸ ਦੀਆਂ ਘੁੰਮਰਾਂ (ਅਖੰਡ ਕੀਰਤਨ) ਦਾ ਸੁਭਾਗ ਪ੍ਰਾਪਤ ਹੋਇਆ। ਸੋਝੀ ਹੋਈ ਕਿ ਸਤਿਗੁਰੂ ਦੇ ਲੜ ਲੱਗ ਕੇ ਗੁਰੂ ਵਾਲੇ ਬਣਿਆ ਜਾਏ, ਕਿਉਂਕਿ ਸਾਧ ਸੰਗਤਿ ਵਿਚ ਜਾਣ ਨਾਲ ਇਹ ਗੱਲ ਖਾਨੇ ਪੈ ਗਈ ਕਿ "ਨਿਗੁਰੇ ਕਾ ਹੈ ਨਾਉ ਬੁਰਾ" (੪੩੫)।

ਦਾਤਾਰ ਦੀ ਫਿਰ ਨਦਰਿ ਹੋਈ। ਭਾਗਾਂ ਵਾਲਾ ਦਿਨ ਆ ਗਿਆ, ਜਹਾਜੇ ਚੜ੍ਹ ਗਏ, ਗੁਰੂ ਦੁਆਰਿਓਂ ਪਾਹੁਲ ਮਿਲ ਗਈ, ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ, ਗੁਰ-ਮੰਤ੍ਰ ਮਿਲ ਗਿਆ, ਨਹੀਂ ਨਹੀਂ ਗੁਰਮੰਤ੍ਰ ਦ੍ਰਿੜ੍ਹ ਹੋ ਗਿਆ, ਨਾਮ ਹਿਰਦੇ ਰੂਪੀ ਖੇਤ ਵਿਚ ਬੀਜਿਆ ਗਿਆ। ਗੁਰੂ ਦਾ ਹੁਕਮ ਹੋਇਆ ਨਾਮ ਰੂਪੀ ਖੇਤੀ (ਫਸਲ) ਨੂੰ ਸੰਭਾਲਣ ਦਾ, ਗੋਡੀ ਕਰਨ ਦਾ, ਵੇਲੇ ਸਿਰ ਪਾਣੀ ਦੇਣ ਦਾ, ਖੇਤੀ ਦੁਆਲੇ ਰਹਿਤ ਰੂਪ ਵਾੜ ਨੂੰ ਬਣਾਈ ਰੱਖਣ ਦਾ, ਖੇਤੀ ਨੂੰ ਚੋਰ ਉਚੱਕੇ (ਕਾਮਾਦਿਕ ਵੈਰੀਆਂ) ਤੋਂ ਬਚਾ ਕੇ ਰੱਖਣ ਲਈ ਖ਼ਬਰਦਾਰ ਰਹਿਣ ਦਾ, ਤਿਆਰ-ਬਰ-ਤਿਆਰ (ਸੁਚੇਤ) ਰਹਿਣ ਦੀ ਮੱਤ (ਸਿਖਸ਼ਾ) ਮਿਲੀ।

www.AKJ.Org

ਦਾਤਾਰ ਦੀ ਨਦਰਿ (ਬਖ਼ਸ਼ਸ਼) ਅਨੁਸਾਰ ਅੰਮ੍ਰਿਤ ਛਕਿਆ ਗਿਆ। ਨਵਾਂ ਜੀਵਨ ਅਰੰਭ ਹੋ ਗਿਆ। ਜੀਵ ਰੂਪ ਇਸਤ੍ਰੀ ਸੁਹਾਗਣ ਭਾਗਣ ਬਣ ਗਈ, ਸੱਚੀ ਕਾਰੇ ਲੱਗ ਗਈ, ਕੂੜ ਦਾ ਵਿਉਹਾਰ ਖ਼ਤਮ ਹੋ ਗਿਆ, ਸੱਚਾ ਸੌਦਾ ਸ਼ੁਰੂ ਹੋ ਗਿਆ। ਸੁਹਾਗਣ ਲੱਗੀ ਹੁਣ ਆਪਣੇ ਕੰਤ ਪ੍ਰਭੂ ਨੂੰ ਰੀਝਾਵਣ। ਪ੍ਰੇਮ ਦੀਆਂ ਤੰਦਾਂ ਪੀਡੀਆਂ ਹੋਣ ਲੱਗੀਆਂ। ਨੱਠ ਨੱਠ, ਹੱਲੇ ਦੇ ਦੇ, ਚਾਈਂ ਚਾਈਂ ਘਰ ਦਾ ਕੰਮ (ਸਿਮਰਨ) ਹੋਣ ਲੱਗਾ।

ਅਕਾਲ ਪੁਰਖ ਹੋਰ ਤਰੁੱਠਿਆ। ਕਾਮਣ (ਜੀਵ ਇਸਤ੍ਰੀ) ਨੂੰ ਗੁਰੂ ਦੇ ਬਚਨਾਂ (ਗੁਰ-ਸ਼ਬਦ) ਦੀ ਸੋਝੀ ਆਉਣ ਲੱਗ ਪਈ। ਬਦੇਸ਼ੀ ਭਾਸ਼ਾ (ਅੰਗ੍ਰੇਜ਼ੀ ਆਦਿ) ਵਾਂਗ ਧੁਰ ਕੀ ਬਾਣੀ (ਗੁਰਬਾਣੀ) ਸਮਝ ਆਉਣ ਲੱਗ ਪਈ। ਗੁਰੂ ਦੀ ਮਤਿ ਗ੍ਰਹਿਣ ਹੋਣ ਲੱਗ ਪਈ, ਅਗਿਆਨਤਾ ਦੀ ਥਾਂ ਗਿਆਨ ਦਾ ਚਾਨਣ ਹੋਣ ਲੱਗ ਪਿਆ। ਘਟ (ਸ੍ਰੀਰ) ਅੰਦਰ ਦੀਵਾ ਬਲ ਗਿਆ, ਅਗਿਆਨਤਾ ਦਾ ਅੰਨ੍ਹੇਰਾ ਦੂਰ ਹੋ ਗਿਆ। ਅੰਙਣ ਸਾਫ਼ ਸੁਥਰਾ ਰੱਖਣ ਦੀ ਸੋਝੀ ਪੈ ਗਈ। ਪੀਆ (ਪ੍ਰਭੂ) ਲਈ ਸੇਜ ਵਿਛ ਗਈ, ਸ਼ਹੁ ਦੇ ਮਿਲਣ ਲਈ ਬਿਰਹਾ ਉਮਡ ਪਿਆ।

ਦਾਤਾਰ ਦੀ ਨਦਰਿ ਅਨੁਸਾਰ ਅੰਮ੍ਰਿਤ ਵੇਲੇ ਦਾ ਜਾਗਣਾ, ਨਾਮ ਅਭਿਆਸ ਕਮਾਈ, ਨਿੱਤਨੇਮ, ਸਾਧ ਸੰਗਤਿ ਵਿਚ ਮਿਲ ਬੈਠਣ, ਹਰਿ-ਜਸ ਗਾਉਣ ਤੇ ਸੁਣਨ ਅਤੇ ਸੇਵਾ ਕਰਨ ਦਾ ਪਰਉਪਕਾਰੀ ਜੀਵਨ ਬਣ ਗਿਆ, ਗੁਰਮੁਖ ਗਾਡੀ ਰਾਹ ਤੇ ਪੈ ਗਿਆ, ਕੋਟਾਨ ਸ਼ੁਕਰ ਦਾਤਾਰ ਦੀ ਰਹਿਮਤ (ਨਦਰਿ) ਦਾ।

ਨਦਰੀ ਸਤਿਗੁਰੁ ਸੇਵੀਐ, ਨਦਰੀ ਸੇਵਾ ਹੋਇ ॥
ਨਦਰੀ ਇਹੁ ਮਨੁ ਵਸਿ ਆਵੈ, ਨਦਰੀ ਮਨੁ ਨਿਰਮਲੁ ਹੋਇ ॥੧॥ ..
ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥
ਨਦਰੀ ਹੁਕਮੁ ਬੁਝੀਐ, ਹੁਕਮੇ ਰਹੈ ਸਮਾਇ ॥੨॥੨॥ (ਵਡਹੰਸੁ ਮ: ੩, ਪੰ: ੫੫੮)

ਜਦੋਂ ਸੇਵਾ ਤੇ ਸਿਮਰਨ ਦਾ ਜੀਵਨ ਬਣ ਗਿਆ ਤਾਂ ਸੁਆਸ ਸੁਆਸ ਨਾਮ ਦਾ ਜਾਪ ਹੋਣ ਲੱਗ ਪਿਆ। ਸੁਪਨ ਅਵਸਥਾ ਵਿਚ ਵੀ ਸਿਮਰਨ ਦੀ ਸੱਚੀ ਕਾਰ ਹੋਣ ਲੱਗੀ। ਸਾਧ ਸੰਗਤਿ ਸਚ-ਖੰਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸਮਾਧੀ ਲੱਗੇ ਗੁਰਮੁਖ ਜਨ, ਹਰਿ-ਜਸ ਅਖੰਡ ਕੀਰਤਨ ਦੀਆਂ ਇਕ-ਰਸ ਧੁਨੀਆਂ, ਕੜਾਹ ਪ੍ਰਸ਼ਾਦ ਤੇ ਲੰਗਰ ਦੇ ਗੱਫੇ, ਵਿਛੜੀਆਂ ਰੂਹਾਂ ਦੇ ਪ੍ਰਤੱਖ ਦਰਸ਼ਨ ਅਤੇ ਹੋਰ ਇਹੋ ਜਿਹੇ ਬੇਅੰਤ ਕੌਤਕ ਸੁੱਤਿਆਂ ਪਿਆਂ ਸੁਪਨਿਆਂ ਵਿਚ ਦੇਖਣੇ। ਅਕਾਲ ਪੁਰਖ ਦੀ ਨਦਰਿ ਦੇ ਤੁਫ਼ੈਲ ਜਗਿਆਸੂ ਗੁਰਮੁਖੀ ਜੀਵਨ ਦੇ ਅਨੰਦ ਮਾਣਦਾ ਹੋਇਆ ਲੀਹੋ ਲੀਹ ਪ੍ਰੀਤਮ ਦੇ ਦੇਸ (ਦਸਮ ਦੁਆਰ) ਵਲ ਅਗਾਂਹ ਵਧਦਾ ਜਾਂਦਾ ਹੈ। ਉਹ ਆਪਣੇ ਸ੍ਰੀਰ ਨੂੰ ਸੱਚੀ ਟਕਸਾਲ ਬਣਾ ਕੇ ਸ਼ਬਦ ਦੀ ਘਾੜਤ ਘੜਦਾ, ਅਰਥਾਤ, ਨਾਮ ਜਪਦਾ ਪਉੜੀਓਂ ਪਉੜੀ ਅਗਾਂਹ ਚੜ੍ਹਦਾ ਹੈ; ਜਾਗ੍ਰਤ, ਸੁਪਨ ਤੇ ਸੁਖੋਪਤ ਨੂੰ ਪਾਰ ਕਰ ਕੇ ਤੁਰੀਆ ਪਦ (ਸਹਜ ਅਵਸਥਾ) ਵਿਚ ਟਿਕ ਜਾਂਦਾ ਹੈ। ਅਕਾਲ ਪੁਰਖ ਦੀ ਨਦਰਿ ਸਦਕਾ ਜਗਿਆਸੂ ਨਦਰੀ ਨਦਰਿ ਨਿਹਾਲ ਹੋ ਜਾਂਦਾ ਹੈ।

ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥
ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥
ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥
ਤਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥
(ਸੋਰਠਿ ਮ: ੫; ਪੰਨਾ ੬੪੧)

ਨਦਰੀ ਨਦਰਿ ਨਿਹਾਲ...ਨਿਹਾਲ...ਨਿਹਾਲ ਨਿਹਾਲ...
ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ,

[ਬਾਕੀ ਸਫ਼ਾ ੧੯ ਹੇਠ]


www.AKJ.Org

# ਸ਼ੁਭ ਕਰਮਨ ਤੇ ਕਬਹੂੰ ਨ ਟਰੋਂ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ੯-ਫ਼ਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ]

ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਕੋਲੋਂ ਇਹ ਵਰ ਮੰਗਿਆ ਹੈ—

"ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।" ਇਹ ਸ਼ੁਭ ਕਰਮ ਕੀ ਹਨ ?

ਗੁਰਬਾਣੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਉਤਮ, ਸਭ ਤੋਂ ਸ੍ਰੇਸ਼ਟ ਤੇ ਸਭ ਤੋ ਨਿਰਮਲ ਕਰਮ ਨਾਮ-ਸਿਮਰਨ ਹੈ, ਹਰੀ ਦਾ ਜਾਪ ਕਰਨਾ ਹੈ। ਗੁਰਮਤਿ ਅਨੁਸਾਰ ਜੀਵਨ ਦਾ ਮਨੋਰਥ ਇਹੋ ਹੀ ਹੈ। ਇਸੇ ਨੂੰ ਛੇਕੜ ਘਾਲ ਕਮਾਈ ਮੰਨਿਆ ਹੈ, ਜਿਸ ਨਾਲ ਪਰਮਾਤਮਾ ਦੀ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਜਪੁ, ਸਲੋਕ, ਪੰਨਾ ੮)

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਫੁਰਮਾਇਆ ਹੈ :

ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥੮॥੩॥
(ਗਉੜੀ ਸੁਖਮਨੀ ਮ: ੫, ਪੰਨਾ ੨੬੬)

ਅਸਲ ਵਿਚ ਸਾਰੇ ਸ਼ੁਭ ਕਰਮਾਂ ਦਾ ਮੂਲ ਸਰੋਤ ਨਾਮ-ਸਿਮਰਨ ਹੀ ਹੈ। ਇਸੇ ਵਿਚੋਂ ਸਾਰੇ ਸ਼ੁਭ ਕਰਮ ਆਪਣੇ ਆਪ ਫੁਟਦੇ ਹਨ। ਨਾਮ-ਸਿਮਰਨ ਦਾ ਭਾਵ ਹੈ ਪਰਮਾਤਮਾ ਦੀ ਸਿਫ਼ਤ ਸਲਾਹ ਨੂੰ ਹਿਰਦੇ ਵਿਚ ਵਸਾ ਕੇ, ਪ੍ਰਭੂ ਦੇ ਗੁਣਾਂ ਨੂੰ ਜ਼ਿੰਦਗੀ ਵਿਚ ਅਪਣਾਉਣਾ, ਤਾਕਿ ਤੁਹਾਡੀ ਆਤਮਾ ਪਰਮਾਤਮਾ ਦੇ ਰੰਗ ਵਿਚ ਰੱਤੀ ਜਾਵੇ, ਉਸ ਵਰਗੀ ਹੋ ਜਾਵੇ। "ਤੂੰ ਤੂੰ ਕਰਤਾ ਤੂ ਹੂਆ" ਹੋ ਜਾਵੇ। ਕੇਵਲ ਇਸੇ ਢੰਗ ਨਾਲ ਹੀ ਉਸ ਨਾਲ ਮੇਲ ਹੋ ਸਕੇਗਾ, ਉਸ ਵਿਚ ਸਮਾਇਆ ਜਾ ਸਕੇਗਾ। ਪਰਮਾਤਮਾ ਦੇ ਗੁਣਾਂ ਤੇ ਸਿਫ਼ਤਾਂ ਦੀ ਪਛਾਣ ਗੁਰਬਾਣੀ ਵਿਚ ਅੰਕਿਤ ਹੈ। ਇਸ ਵਾਸਤੇ ਗੁਰਬਾਣੀ ਪੜ੍ਹਨਾ, ਇਸ ਦੇ ਅਰਥ-ਭਾਵ ਨੂੰ ਸਮਝਣਾ, ਇਸ ਉਤੇ ਦ੍ਰਿੜ੍ਹ ਵਿਸ਼ਵਾਸ ਕਰਦਿਆਂ ਇਸ ਉਤੇ ਧਿਆਨ ਜਮਾਣਾ ਤੇ ਇਸ ਅਨੁਸਾਰ ਜੀਵਨ ਨੂੰ ਢਾਲਣਾ ਜ਼ਰੂਰੀ ਹੈ।

ਫਿਰ ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝਣ ਤੇ ਇਸ ਨੂੰ ਮਨ ਵਿਚ ਵਸਾਣ ਦਾ ਸਭ ਤੋਂ ਸਰਲ ਤੇ ਕਾਰਗਰ ਢੰਗ ਸਾਧ ਸੰਗਤ ਵਿਚ ਹਾਜ਼ਰ ਹੋ ਕੇ ਕੀਰਤਨ ਵਿਚ ਜੁੜਨਾ ਹੈ। ਕੀਰਤਨ ਦੀ ਨਿੰਮ੍ਹੀ ਨਿੰਮ੍ਹੀ ਫੁਹਾਰ ਤੁਹਾਡੇ ਮਨ ਉਤੇ ਇਸ ਤਰ੍ਹਾਂ ਅਸਰ ਕਰਦੀ ਹੈ, ਜਿਵੇਂ ਨਿੰਮ੍ਹੀ ਨਿੰਮ੍ਹੀ ਵਰਖਾ ਧਰਤੀ ਵਿਚ ਸੰਜਰ ਕੇ ਇਸ ਨੂੰ ਇਸ ਕਾਬਲ ਬਣਾ ਦਿੰਦੀ ਹੈ ਕਿ ਇਸ ਵਿਚ ਬੀਜ ਫੁਟ ਪੈਂਦੇ ਹਨ ਤੇ ਫ਼ਸਲ ਉਗ ਪੈਂਦੀ ਹੈ। ਸਾਧ ਸੰਗਤ ਵਿਚ ਤੁਹਾਨੂੰ ਕਈ ਐਸੇ ਲੋਕ ਮਿਲ ਜਾਣਗੇ ਜਿਨ੍ਹਾਂ ਨੇ ਨਾਮ ਦੀ ਕਮਾਈ ਕੀਤੀ ਹੈ। ਉਨ੍ਹਾਂ ਦੇ ਸਪਰਕ ਦਾ ਤੁਹਾਡੇ ਮਨ ਉਤੇ ਐਸਾ ਪ੍ਰਭਾਵ ਪਵੇਗਾ ਕਿ ਤੁਹਾਡੇ ਮਨ ਵਿਚੋਂ ਬੁਰਾਈ ਦੀ ਮੈਲ ਨਿਕਲ ਜਾਵੇਗੀ—

ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥੮॥੩॥
(ਗਉੜੀ ਸੁਖਮਨੀ ਮ: ੫ ਪੰਨਾ ੨੬੬)

ਗੁਰੂ ਅਰਜਨ ਦੇਵ ਜੀ ਇਸ ਨੂੰ ਸਰਵ ਸ੍ਰੇਸ਼ਟ ਕਰਮ ਮੰਨਦੇ ਹਨ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥
(ਸੋਰਠਿ ਮ: ੫, ਪੰਨਾ ੬੪੨)

ਇਸੇ ਲਈ ਸਿੱਖੀ ਵਿਚ ਅੰਮ੍ਰਿਤ ਵੇਲੇ ਨਾਮ-ਸਿਮਰਨ ਵਿਚ ਜੁੜਨ ਉਪਰੰਤ ਗੁਰਬਾਣੀ ਦਾ ਇਕਾਗਰ-ਚਿਤ ਹੋ ਕੇ ਨੇਮ ਨਾਲ ਪਾਠ ਤੇ ਸੰਗਤ ਦੀ ਹਾਜ਼ਰੀ ਜ਼ਰੂਰੀ ਮੰਨੀ ਗਈ ਹੈ। ਅੰਮ੍ਰਿਤ ਵੇਲਾ ਮਨ ਦੀ


www.AKJ.Org

ਇਕਾਗਰਤਾ ਲਈ ਸਭ ਤੋਂ ਉਤਮ ਸਮਾ ਮੰਨਿਆ ਗਿਆ ਹੈ। ਯਾਦ ਰਹੇ ਸੰਗਤ ਵਿਚ ਕੀਰਤਨ ਦੇ ਸਮੇਂ ਗੁਟਕੇ ਤੋਂ ਨਿਤਨੇਮ ਦਾ ਪਾਠ ਉਚਿਤ ਨਹੀਂ। ਇਸ ਤਰ੍ਹਾਂ ਤੁਹਾਡਾ ਧਿਆਨ ਨਾ ਕੀਰਤਨ ਵਲ ਹੋਵੇਗਾ ਨਾ ਨਿਤਨੇਮ ਵੱਲ। ਕੇਵਲ ਰਸਮ ਪੂਰੀ ਕਰਨ ਦਾ ਗੁਰਮਤਿ ਵਿਚ ਕੋਈ ਸਥਾਨ ਨਹੀਂ।

ਪਰਮਾਤਮਾ ਦੀਆਂ ਮਨ ਵਿਚ ਵਸਾਣ ਵਾਲੀਆਂ ਸਿਫ਼ਤਾਂ ਵਿਚੋਂ ਸਭ ਤੋਂ ਪਹਿਲੀ ਹੈ, ਉਸ ਨੂੰ ਪਰਮ ਸੱਚ (*Absolute Truth*) ਮੰਨਣਾ। ਇਸ ਨੂੰ ਜੀਵਨ ਵਿਚ ਢਾਲਣ ਲਈ ਨਾ-ਕੇਵਲ ਹਮੇਸ਼ਾ ਪਰਮ-ਸੱਚ ਨੂੰ ਜੀਵਨ ਦਾ ਅਧਾਰ ਹੀ ਬਣਾਉਣਾ ਜ਼ਰੂਰੀ ਹੈ, ਸਗੋਂ ਜੀਵਨ ਦੇ ਹਰ ਪਹਿਲੂ ਵਿਚ ਸੱਚ ਦਾ ਵਰਤਾਰਾ ਲਿਆਉਣਾ ਜ਼ਰੂਰੀ ਹੈ। ਪਰਮ-ਸੱਚ ਦੀ ਪ੍ਰਾਪਤੀ ਲਈ ਸਾਡਾ ਆਚਰਨ ਸੱਚਾ ਸੁੱਚਾ ਹੋਣਾ ਅਤਿ ਲਾਜ਼ਮੀ ਹੈ।

ਸ਼ੁਧਤਾ, ਈਮਾਨਦਾਰੀ, ਅੰਦਰੋਂ ਬਾਹਰੋਂ ਇਕੋ ਜਿਹਾ ਹੋਣਾ, ਪੂਰਾ ਤੋਲਣਾ; ਹਰ ਕੰਮ ਪੂਰੀ ਲਗਨ ਤੇ ਮਿਹਨਤ ਨਾਲ ਕਰਨਾ, ਦਸਾਂ ਨਹੁੰਆਂ ਦੀ ਕਿਰਤ, ਭਾਵ, ਹੱਕ ਹਲਾਲ ਦੀ ਕਮਾਈ ਕਰਨੀ, ਕਿਸੇ ਨਾਲ ਧੋਖਾ ਨਾ ਕਰਨਾ, ਠੱਗੀ ਨਾ ਮਾਰਨੀ, ਕੋਈ ਗੱਲ ਲੁਕਾ ਕੇ ਨਾ ਰਖਣੀ, ਕਿਸੇ ਤਰ੍ਹਾਂ ਦਾ ਪਖੰਡ, ਮਕਰ ਤੇ ਫ਼ਰੇਬ ਨਾ ਕਰਨਾ, ਕਿਸੇ ਦੇ ਧਨ ਜਾਂ ਵਡਿਆਈ ਉਤੇ ਈਰਖਾ ਨਾ ਕਰਨੀ, ਚੋਰੀ ਤੇ ਸੀਨਾ-ਜ਼ੋਰੀ ਨਾ ਕਰਨਾ, ਇਮਤਿਹਾਨਾਂ ਵਿਚ ਨਕਲ ਨਾ ਮਾਰਨੀ, ਹਮੇਸ਼ਾ ਸਾਫ਼ ਤੇ ਸਪੱਸ਼ਟ ਰਹਿਣਾ ਤੇ ਹਰ ਇਕ ਦਾ ਹੱਕ ਪਛਾਣਨਾ, ਆਦਿ ਗੁਣ ਸੱਚੇ ਆਚਾਰ ਵਿਚ ਆ ਜਾਣਗੇ। ਕਿਸੇ ਕੋਲੋਂ ਨਾ ਡਰਨਾ, ਕਿਸੇ ਦੀ ਗੁਲਾਮੀ ਨਾ ਕਰਨਾ ਤੇ ਕਿਸੇ ਦੁਨਿਆਵੀ ਤਾਕਤ ਜਾਂ ਦੇਹਧਾਰੀ ਗੁਰੂ ਨੂੰ ਪ੍ਰਵਾਨ ਨਾ ਕਰਨਾ ਵੀ ਸੱਚੇ ਆਚਾਰ ਵਿਚ ਆ ਜਾਵੇਗਾ।

ਪਰਮਾਤਮਾ ਨਿਰਭਉ ਤੇ ਨਿਰਵੈਰ ਹੈ। ਇਸ ਲਈ ਹਰ ਪਰਕਾਰ ਦਾ ਡਰ ਮਨ ਵਿਚੋਂ ਦੂਰ ਕਰਨ ਤੇ ਕਿਸੇ ਨਾਲ ਵੈਰ-ਵਿਰੋਧ ਤੇ ਖ਼ਾਰਬਾਜ਼ੀ ਨਾ ਰਖਣਾ ਸੱਚੇ ਆਚਰਨ ਦਾ ਹੀ ਭਾਗ ਹੈ। ਇਹ ਸਾਰੇ ਗੁਣ ਸ਼ੁਭ ਕਰਮਨ ਦੀ ਨੀਂਹ ਹਨ।

ਪਰਮਾਤਮਾ ਸਰਬ-ਵਿਆਪੀ ਹੈ, ਉਸ ਦੀ ਹੋਂਦ ਨੂੰ ਹਰ ਇਕ ਵਿਚ ਮਹਿਸੂਸ ਕਰਨ ਦਾ ਭਾਵ ਇਹ ਹੋਵੇਗਾ ਕਿ ਤੁਸੀਂ ਕਿਸੇ ਨੂੰ ਵੀ ਮਾੜਾ ਨਹੀਂ ਸਮਝੋਗੇ। ਸਭ ਨਾਲ ਬਰਾਬਰੀ ਤੇ ਭਰਾਵਾਂ ਵਾਲਾ ਸਲੂਕ ਕਰੋਗੇ। ਹਰ ਤਰ੍ਹਾਂ ਦੀ ਊਚ ਨੀਚ, ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਖ਼ਿਆਲ ਛੱਡ ਕੇ ਹਰ ਇਕ ਨਾਲ ਆਦਰ ਤੇ ਸਤਿਕਾਰ ਨਾਲ ਪੇਸ਼ ਆਓਗੇ, ਹਰ ਇਕ ਨਾਲ ਮਿੱਠਾ ਬੋਲੋਗੇ, ਇਸ ਤਰ੍ਹਾਂ ਜਿਵੇਂ ਤੁਸੀਂ ਉਸ ਨਾਲ ਪਿਆਰ ਕਰਦੇ ਹੋਵੋ। ਇਸ ਦੇ ਨਾਲ ਹੀ ਤੁਹਾਡੇ ਵਿਚ ਨਿੰਮ੍ਰਤਾ ਆ ਜਾਵੇਗੀ। ਮਿੱਠਤ ਤੇ ਨਿੰਮ੍ਰਤਾ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਤੱਤ ਹੈ। ਇਹ ਵਤੀਰਾ ਜਿਥੇ ਤੁਹਾਨੂੰ ਨਿੰਦਿਆ, ਵੈਰ-ਵਿਰੋਧ, ਈਰਖਾ, ਨਫ਼ਰਤ ਤੇ ਗੁੱਸੇ ਤੋਂ ਬਚਾਂਦਾ ਹੈ, ਜ ਸਭ ਤੋਂ ਮਾੜੇ ਅਉਗੁਣ ਮੰਨੇ ਜਾਂਦੇ ਹਨ, ਉਥੇ ਤੁਹਾਡੇ ਅੰਦਰ ਪਿਆਰ, ਸੇਵਾ ਤੇ ਪਰਉਪਕਾਰ ਦੀ ਭਾਵਨਾ ਪੈਦਾ ਕਰਦੇ ਹਨ।

ਸੇਵਾ ਇਕ ਅਜਿਹਾ ਉਤਮ ਕਰਮ ਹੈ ਜਿਸ ਨਾਲ ਮਨ ਨੀਵਾਂ ਰਹਿੰਦਾ ਹੈ, ਅਹੰਕਾਰ ਦਾ ਜ਼ਹਿਰ ਮਨ ਵਿਚ ਨਹੀਂ ਫੁੱਟਦਾ ਤੇ ਤੁਸੀਂ ਪਰਮਾਤਮਾ ਦੇ ਨੇੜੇ ਹੋ ਜਾਂਦੇ ਹੋ। ਸੇਵਾ, ਸਿਮਰਨ ਦਾ ਹੀ ਪੂਰਕ ਹੈ। ਸੇਵਾ ਹਰ ਉਹ ਕੰਮ ਹੈ, ਜਿਸ ਨਾਲ ਲੋਕਾਂ ਨੂੰ ਸੁਖ ਤੇ ਰਾਹਤ ਮਿਲੇ, ਆਰਾਮ, ਸੰਤੁਸ਼ਟੀ ਤੇ ਸ਼ਾਂਤੀ ਮਿਲੇ, ਭਾਵੇਂ ਇਹ ਸੰਬਰਨ ਤੇ ਸਫ਼ਾਈ ਕਰਨ ਦੀ ਹੋਵੇ, ਪੱਖਾ ਝਲਣ ਤੇ ਪਾਣੀ ਢੋਣ ਦੀ ਹੋਵੇ, ਲੰਗਰ ਦੀ ਹੋਵੇ, ਗਰੀਬਾਂ ਨੂੰ ਰੋਜ਼ਗਾਰ ਲੁਆਉਣ ਦੀ ਹੋਵੇ, ਗਰੀਬਾਂ ਨੂੰ ਪੜ੍ਹਾਣ ਦੀ ਹੋਵੇ, ਅਨਾਥ ਲੜਕੀਆਂ ਦੀ ਸ਼ਾਦੀ ਦੀ ਹੋਵੇ, ਬੀਮਾਰਾਂ ਦੇ ਇਲਾਜ ਤੇ ਬੀਮਾਰ-ਪੁਰਸ਼ੀ ਦੀ ਹੋਵੇ, ਸੰਗਤ ਵਿਚ ਕੀਰਤਨ, ਹਰਿ-ਨਾਮ ਦੀ ਕਥਾ-ਵਿਆਖਿਆ ਜਾਂ ਗਿਆਨ ਦੇ ਪਰਸਾਰ ਦੀ ਹੋਵੇ, ਸਮਾਜਕ ਨਿਰਮਾਨ ਲਈ ਕਾਰ ਸੇਵਾ ਦੇ ਰੂਪ ਵਿਚ ਹੋਵੇ, ਕਿਸੇ ਨੂੰ ਸਤੀ ਹੋਣ ਤੋਂ ਬਚਾਣਾ ਹੋਵੇ ਜਾਂ ਕਿਸੇ ਮਜ਼ਲੂਮ ਨੂੰ ਜ਼ੁਲਮ ਤੋਂ ਬਚਾਣ ਦੀ ਹੋਵੇ ਜਾਂ ਦੇਸ਼ ਤੇ



www.AKJ.Org

ਕੌਮ ਦੀ ਆਜ਼ਾਦੀ ਲਈ ਸੰਘਰਸ਼ ਦੀ ਹੋਵੇ। ਇਹ ਹਰ ਪ੍ਰਕਾਰ ਦੀ ਸੇਵਾ ਬਿਨਾ ਕਿਸੇ ਇਵਜ਼ਾਨੇ, ਲੋਭ-ਲਾਲਚ, ਲਾਗ-ਲਪੇਟ ਤੇ ਹਰ ਪੱਖੋਂ ਨਿਸ਼ਕਾਮ ਹੋਣੀ ਜ਼ਰੂਰੀ ਹੈ। ਸੇਵਾ ਵਿਚ ਚੌਧਰ, ਜਥੇਦਾਰੀ, ਵਡਿਆਈ ਤੇ ਦਿਖਾਵੇ ਦੀ ਅੰਸ਼ ਅਹੰਕਾਰ ਨੂੰ ਜਨਮ ਦਿੰਦੀ ਹੈ, ਪਾਖੰਡ ਬਣ ਜਾਂਦੀ ਹੈ ਤੇ ਸੇਵਾ ਦਾ ਸਾਰਾ ਮੰਤਵ ਨਿਸਫਲ ਹੋ ਜਾਂਦਾ ਹੈ। ਅਜਿਹੀ ਸੇਵਾ ਖ਼ੁਦਗਰਜ਼ੀ ਹੋਵੇਗੀ। ਗੁਰੂ ਅੰਗਦ ਦੇਵ ਜੀ ਦਾ ਫ਼ੁਰਮਾਨ ਹੈ :

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥੧॥੨੨॥

(ਵਾਰ ਆਸਾ, ਪੰਨਾ ੪੭੪)

ਗੁਰੂ ਅਰਜਨ ਦੇਵ ਜੀ ਦਾ ਕਥਨ ਹੈ :

ਸੇਵਾ ਕਰਤ ਹੋਇ ਨਿਹਕਾਮੀ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥੨॥੧੮॥

(ਗਉੜੀ ਸੁਖਮਨੀ ਮ: ੫, ਪਨਾ ੨੮੭)

ਗੁਰਬਾਣੀ ਵਿਚ ਸਭ ਤੋਂ ਉਤਮ ਸੇਵਾ ਕਿਸੇ ਨੂੰ ਨਾਮ ਨਾਲ ਜੋੜਨਾ ਹੈ ਤੇ ਇਹ ਹੀ ਸਭ ਤੋਂ ਵੱਡਾ ਪਰ-ਉਪਕਾਰ ਹੈ।

ਪਰਮਾਤਮਾ ਦਿਆਲ ਪੁਰਖ, ਪਰਮ ਕਿਰਪਾਲੂ ਤੇ ਹਰ ਇਕ ਉਤੇ ਮਿਹਰਬਾਨ ਹੈ । ਇਹ ਗੁਣ ਅਪਣਾ ਕੇ ਹਰ ਇਕ ਨਾਲ ਦਇਆ-ਦ੍ਰਿਸ਼ਟੀ ਤੇ ਕਿਰਪਾ ਦੀ ਭਾਵਨਾ ਨਾਲ ਪੇਸ਼ ਆਉਣਾ ਇਕ ਐਸਾ ਸ਼ੁਭ ਕਰਮ ਹੈ ਜੋ ਮਨੁਖ ਨੂੰ ਪਰਮਾਤਮਾ ਦੇ ਨੇੜੇ ਲੈ ਆਉਂਦਾ ਹੈ। ਦਇਆ ਨੂੰ ਧਰਮ ਦਾ ਮੂਲ ਮੰਨਿਆ ਜਾਂਦਾ ਹੈ। ਜਪੁਜੀ ਸਾਹਿਬ ਵਿਚ ਦਇਆ ਨੂੰ ਧਰਮ ਦੀ ਮਾਤਾ ਕਿਹਾ ਗਿਆ ਹੈ। ਸਾਰੀ ਸ੍ਰਿਸ਼ਟੀ ਦਇਆ ਦੇ ਸਹਾਰੇ ਖਲੋਤੀ ਮੰਨੀ ਗਈ ਹੈ। ਦਇਆ ਦੇ ਖ਼ਤਮ ਹੋਣ ਨਾਲ, ਜ਼ੁਲਮ ਦਾ ਦੌਰ-ਦੌਰਾ ਹੋ ਜਾਂਦਾ ਹੈ, ਜੀਵਨ ਬੋਝਲ ਹੋ ਜਾਂਦਾ ਹੈ ਤੇ ਧਰਤੀ ਡੋਲ ਜਾਂਦੀ ਹੈ। ਮਨੁਖ ਦਾ ਸਾਰਾ ਵਤੀਰਾ ਤੇ ਸਾਰਾ ਕਾਰ-ਵਿਹਾਰ ਜਿਥੇ ਸੱਚ ਉਤੇ ਨਿਰਭਰ ਹੋਣਾ ਚਾਹੀਦਾ ਹੈ, ਉਥੇ ਇਸ ਦਾ ਆਧਾਰ ਦਇਆ-ਦ੍ਰਿਸ਼ਟੀ ਵੀ ਹੋਣੀ ਜ਼ਰੂਰੀ ਹੈ। ਇਨਸਾਫ਼ ਭਾਵੇਂ ਕਿੰਨਾ ਵੀ ਸੱਚ ਉਤੇ ਆਧਾਰਤ ਹੋਵੇ, ਜੇ ਇਹ ਦਇਆ ਤੋਂ ਸਖਣਾ ਹੈ ਤਾਂ ਇਹ ਜ਼ੁਲਮ ਦੀ ਭਾਅ ਮਾਰਨ ਲੱਗ ਪਵੇਗਾ। ਮਹਾਰਾਜਾ ਰਣਜੀਤ ਸਿੰਘ ਨੇ ਦਇਆ-ਦ੍ਰਿਸ਼ਟੀ ਰਖਦਿਆਂ ਹੋਇਆਂ ਕਦੇ ਵੀ ਕਿਸੇ ਨੂੰ ਮੌਤ ਜਾਂ ਫਾਂਸੀ ਦੀ ਸਜ਼ਾ ਨਹੀਂ ਸੀ ਦਿਤੀ।

ਦਇਆ ਇਕ ਐਸੀ ਤਾਕਤ ਹੈ ਜੋ ਤੁਹਾਨੂੰ ਇਕ ਪਾਸੇ ਰੱਬ ਨਾਲ ਜੋੜਦੀ ਹੈ, ਦੂਸਰੇ ਪਾਸੇ ਜਨਤਾ ਨਾਲ, ਦੁਨੀਆ ਨਾਲ। ਮੀਰੀ ਤੇ ਪੀਰੀ ਦੇ ਸਿਧਾਂਤ ਵਿਚ ਪੀਰੀ ਦੀ ਸ਼ਕਤੀ ਦਇਆ ਹੀ ਹੈ । ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਵਿਚ ਵੀ ਕਿਰਪਾ ਪਹਿਲਾਂ ਆਉਂਦੀ ਹੈ ਤੇ ਆਨ ਪਿਛੋਂ।

ਜਦ ਕੋਈ ਜ਼ਾਲਮ ਦਇਆ ਨੂੰ ਛਡ ਦੇਵੇ ਤੇ ਲੋਕਾਂ ਉਤੇ ਅਤਿ ਦਾ ਜ਼ੁਲਮ ਕਰਨ ਲੱਗ ਪਵੇ ਅਤੇ ਕਿਸੇ ਹੀਲੇ-ਵਸੀਲੇ ਉਹ ਜ਼ੁਲਮ ਤੋਂ ਬਾਜ਼ ਨਾ ਆਵੇ ਤਾਂ ਉਸ ਜ਼ਾਲਮ ਨੂੰ ਨੱਥ ਪਾਉਣੀ ਜ਼ਰੂਰੀ ਹੋ ਜਾਂਦੀ ਹੈ। ਲੋੜ ਪਵੇ ਤਾਂ ਤਲਵਾਰ ਚੁੱਕ ਕੇ ਉਸ ਨੂੰ ਸੋਧ ਦੇਣਾ ਬਣਦਾ ਹੈ। ਦਇਆ, ਜੋ ਧਰਮ ਦਾ ਬੀਜ ਹੈ, ਉਸ ਨੂੰ ਬੀਜਣ ਤੇ ਉਗਾਣ ਲਈ, ਜ਼ੁਲਮ ਨੂੰ ਜੜ੍ਹੋਂ ਉਖਾੜਨਾ, ਇਕ ਅਤਿ ਸ਼ੁਭ ਕਰਮ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਰਮਾਤਮਾ ਦਾ ਹੁਕਮ ਹੋਇਆ ਸੀ—

ਜਹਾਂ ਕਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥

(ਬਚਿਤ੍ਰ ਨਾਟਕ, ਅਧਿ: ੬)

ਜੇ ਇਕ ਅਤਿ ਢੀਠ ਤੇ ਅਮੋੜ ਜ਼ਾਲਮ ਨੂੰ ਖ਼ਤਮ ਕਰਨ ਨਾਲ ਬਾਕੀ ਦੁਨੀਆ ਬਚਾਈ ਜਾ ਸਕੇ ਤਾਂ ਇਹ ਇਕ ਵੱਡਾ ਸ਼ੁਭ ਕਰਮ ਹੋਵੇਗਾ ਤੇ ਇਸੇ ਸ਼ੁਭ ਕਰਮ ਤੋਂ ਕਦੀ ਨਾ ਟਲਣ ਦਾ ਗੁਰੂ ਗੋਬਿੰਦ ਸਿੰਘ ਜੀ ਪ੍ਰਣ ਕਰਦੇ ਹਨ ਤੇ ਇਸ ਨੂੰ ਪੂਰਾ ਕਰਨ ਲਈ "ਅਤਿ ਹੀ ਰਣ ਮੈ ਤਬ ਜੂਝ ਮਰੋਂ" ਦਾ ਪ੍ਰਣ ਲੈਂਦੇ ਹਨ।

ਨਾਮ ਸਿਮਰਨ ਤਦ ਹੀ ਕੀਤਾ ਜਾ ਸਕਦਾ ਹੈ, ਨਾਮ ਦਾ (ਮਨ ਵਿਚ) ਵਾਸਾ ਤਦ ਹੀ ਹੋ ਸਕਦਾ


www.AKJ.Org

ਹੈ ਜੇਕਰ ਮਨ ਹਰ ਪੱਖੋਂ ਆਜ਼ਾਦ ਤੇ ਨਿਰਮਲ ਹੋਵੇ। ਇਸ ਲਈ ਪਹਿਲੀ ਗੱਲ ਤਾਂ ਇਹ ਹੈ ਕਿ ਮਨ ਉਤੋਂ ਹਉਮੈ ਤੇ ਨਿੱਜੀ ਅਪੱਣਤ ਦਾ ਭਾਰ ਲਾਹਿਆ ਜਾਵੇ, ਕਾਮ ਕ੍ਰੋਧ ਲੋਭ ਮੋਹ ਅਹੰਕਾਰ ਦੀ ਮੈਲ ਨੂੰ ਦੂਰ ਕੀਤਾ ਜਾਵੇ। ਇਸ ਲਈ ਜ਼ਰੂਰੀ ਗੱਲ ਹੈ ਕਿ ਆਪਣੇ ਆਪ ਨੂੰ ਸੰਜਮ ਤੇ ਸੰਤੋਖ ਵਿਚ ਰਖਦਿਆਂ ਹੋਇਆਂ, ਪਰਮਾਤਮਾ ਦੇ ਹੁਕਮ ਦੇ ਹਵਾਲੇ ਕੀਤਾ ਜਾਵੇ। ਉਸ ਦੇ ਹੁਕਮ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦੀ ਆਦਤ ਪਾਈ ਜਾਵੇ, ਉਸ ਦੇ ਸ਼ੁਕਰਾਨੇ ਵਿਚ ਰਿਹਾ ਜਾਵੇ। ਯਾਦ ਰਹੇ ਕਿ ਪਰਮਾਤਮਾ ਪਰਮ ਕਿਰਪਾਲੂ ਤੇ ਮਹਾਨ ਦਾਤਾ ਹੈ ਅਤੇ ਨਾਲ ਹੀ ਦੁਖ-ਹਰਤਾ ਤੇ ਕਸ਼ਟ ਨੂੰ ਦੂਰ ਕਰਨ ਵਾਲਾ ਹੈ, ਤੁਹਾਡੇ ਸਦਾ ਅੰਗ ਸੰਗ ਹੈ।

ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

(ਜਾਪੁ ਸਾਹਿਬ ਪਾ: ੧੦,)

ਉਸ ਨੇ ਤੁਹਾਡੀਆਂ ਸਾਰੀਆਂ ਲੋੜਾਂ ਆਪਣੇ ਆਪ, ਆਪਣੀ ਰਜ਼ਾ ਅਨੁਸਾਰ ਪੂਰੀਆਂ ਕਰ ਦੇਣੀਆਂ ਹਨ, ਹਰ ਕਸ਼ਟ ਵਿਚ, ਇਕ ਬਲਵਾਨ ਸਾਥੀ ਵਾਂਗ ਸਹਾਇਤਾ ਕਰਕੇ, ਤੁਹਾਡੀ ਰਖਿਆ ਕਰਨੀ ਹੈ। ਉਸ ਦੀ ਸ਼ਕਤੀ ਤੇ ਕਿਰਪਾ-ਦ੍ਰਿਸ਼ਟੀ ਉਤੇ ਭਰੋਸਾ ਤੇ ਸਿਦਕ ਰਖਣਾ ਬਹੁਤ ਜ਼ਰੂਰੀ ਕਰਮ ਹੈ। ਇਹ ਸਿਦਕ ਤੇ ਭਰੋਸਾ ਤੁਹਾਨੂੰ ਹਰ ਕਿਸਮ ਦੀ ਭਾਜੜ, ਧਾਤ ਤੇ ਫਿਕਰ ਜਾਂ ਡਰ ਤੋਂ ਬਚਾਵੇਗਾ, ਤੁਸੀਂ ਦਲੇਰ ਤੇ ਬਹਾਦੁਰ ਹੋ ਜਾਵੋਗੇ। ਇਸ ਲਈ ਸਿਦਕ ਤੇ ਭਰੋਸੇ ਲਈ ਇਕ ਜ਼ਰੂਰੀ ਕਰਮ, ਜ਼ਰੂਰੀ ਡਸਿਪਲਿਨ ਹੈ ਉਸ ਅੱਗੇ ਨਿੱਤ ਅਰਦਾਸ ਕਰਨੀ——ਨਾਮ ਦਾਨ, ਸਿਦਕ ਤੇ ਭਰੋਸਾ ਮੰਗਣਾ, ਹੁਕਮ ਵਿਚ ਰਹਿਣ ਦੀ ਅਰਦਾਸ ਕਰਨੀ ਤੇ ਹੋ ਚੁਕੀਆਂ ਭੁਲਾਂ ਦੀ ਮਾਫ਼ੀ ਮੰਗਣੀ।

ਮਨ ਦੀ ਆਜ਼ਾਦੀ ਦੀ ਸਭ ਤੋਂ ਵੱਡੀ ਦੁਸ਼ਮਣ, ਕਿਸੇ ਓਪਰੇ ਦੀ ਗੁਲਾਮੀ ਹੈ, ਭਾਵੇਂ ਉਹ ਕਿਸੇ ਡਾਢੇ ਬੰਦੇ ਦੀ ਹੋਵੇ ਤੇ ਭਾਵੇਂ ਐਸੀ ਸਰਕਾਰ ਦੀ ਹੋਵੇ ਜੋ ਆਪਣੇ ਰੋਅਬ, ਡਰਾਵੇ ਤੇ ਜ਼ੁਲਮ ਨਾਲ ਤੁਹਾਡੀ ਜ਼ਮੀਰ ਨੂੰ ਦਬਾਈ ਰਖੇ, ਤੁਹਾਡੇ ਆਲੇ ਦੁਆਲੇ ਜ਼ੁਲਮ ਤੇ ਤਸ਼ੱਦਦ ਦਾ ਵਾਤਾਵਰਨ ਬਣਾਈ ਰਖੇ, ਤੁਹਾਡੀ ਇਜ਼ਤ-ਆਬਰੋ ਤੇ ਅਣਖ ਨੂੰ ਵੰਗਾਰ ਪਾਈ ਰਖੇ, ਬਹੂ-ਬੇਟੀਆਂ ਦੀ ਇਜ਼ਤ ਤੇ ਤੁਹਾਡੀ ਕਮਾਈ ਨੂੰ ਲੁਟ ਰਹੀ ਹੋਵੇ ਤੇ ਤੁਹਾਨੂੰ ਹਰ ਹੀਲੇ-ਵਸੀਲੇ ਨਿਤਾਣਾ ਬਣਾਈ ਰਖੇ। ਇਥੋਂ ਤਕ ਕਿ ਤੁਹਾਡੀ ਧਾਰਮਿਕ ਆਜ਼ਾਦੀ, ਮਰਯਾਦਾ ਅਤੇ ਰਹਿਣ ਉਤੇ ਵੀ ਪਾਬੰਦੀ ਲਗਾਈ ਰਖੇ, ਤੁਹਾਡੇ ਇਸ਼ਟ ਤੇ ਧਾਰਮਿਕ ਗ੍ਰੰਥਾਂ ਦੀ ਨਿਰਾਦਰੀ ਕਰੇ। ਅਜਿਹੀ ਹਾਲਤ ਵਿਚ ਕਦੀ ਵੀ ਨਾਮ-ਸਿਮਰਨ ਨਹੀਂ ਹੋ ਸਕਦਾ। ਐਸੀ ਹਾਲਤ ਤੋਂ ਮੂੰਹ ਫੇਰਨਾ ਜਾਂ ਇਸ ਨੂੰ ਬਰਦਾਸ਼ਤ ਕਰਨਾ ਪਰਲੇ ਦਰਜੇ ਦੀ ਬੁਜ਼ਦਿਲੀ ਤੇ ਕਾਇਰਤਾ ਹੈ। ਆਪਣੇ ਫ਼ਰਜ਼ ਤੋਂ ਕੋਤਾਹੀ ਤੇ ਜੀਵਨ ਦਾ ਹੱਕ ਅਦਾ ਨਾ ਕਰਨ ਦੇ ਬਰਾਬਰ ਹੈ।

ਇਸ ਤਰ੍ਹਾਂ ਦੀ ਸ਼ਖ਼ਸੀ ਜਾਂ ਰਾਜਨੀਤਕ ਗੁਲਾਮੀ ਦੇ ਤੌਕ ਨੂੰ ਚੁੱਕ ਦੇਣਾ, ਇਸ ਨੂੰ ਖ਼ਤਮ ਕਰਨਾ ਇਕ ਮਹਾਨ ਉਤਮ ਕਰਮ ਹੈ। ਆਮ ਲੋਕਾਂ ਦੇ ਮਨਾਂ ਦੀ ਆਜ਼ਾਦੀ ਨੂੰ ਬਹਾਲ ਕਰਨਾ, ਇਸ ਨੂੰ ਫਿਰ ਸਥਾਪਤ ਕਰਨਾ ਇਕ ਵੱਡਾ ਪਰ-ਉਪਕਾਰ ਹੈ। ਇਸ ਸ਼ੁਭ ਕਰਮ ਲਈ ਭਾਵੇਂ ਕਿਸੇ ਪ੍ਰਕਾਰ ਦੇ ਤਸੀਹੇ ਸਹਿਣੇ ਪੈਣ, ਸ਼ਹੀਦੀਆਂ ਦੇਣੀਆਂ ਪੈਣ ਜਾਂ ਘਮਸਾਨ ਦੀ ਜੰਗ ਵਿਚ ਜੂਝ ਮਰਨਾ ਪਵੇ, ਇਸ ਤੋਂ ਕਦੀ ਵੀ ਮੂੰਹ ਨਹੀਂ ਮੋੜਨਾ ਚਾਹੀਦਾ। ਨਨਕਾਣਾ ਸਾਹਿਬ, ਗੁਰੂ ਕਾ ਬਾਗ਼ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਕੁੰਜੀਆਂ ਦਾ ਮੋਰਚਾ, ਗੰਗਸਰ ਜੈਤੋ ਦਾ ਮੋਰਚਾ, ਤੇ ਲਾਹੌਰ ਵਿਚ ਕਿਰਪਾਨ ਉਤੇ ਪਾਬੰਦੀ ਵਿਰੁਧ ਮੋਰਚਾ, ਪੰਜਾ ਸਾਹਿਬ ਕੋਲ ਰੇਲ ਦੀ ਪਟੜੀ ਉਤੇ ਲੇਟ ਕੇ ਸ਼ਹੀਦੀਆਂ ਦੇ ਕੇ ਗੱਡੀ ਰੋਕ ਕੇ, ਭੁੱਖੇ ਕੈਦੀਆਂ ਨੂੰ ਲੰਗਰ ਛਕਾਣਾ, ਗੁਰਦੁਆਰਿਆਂ ਦੀ ਆਜ਼ਾਦੀ ਤੇ ਧਾਰਮਿਕ ਰਹਿਤ ਦੀ ਆਜ਼ਾਦੀ ਲਈ ਸੰਘਰਸ਼ ਤੇ ਅੱਜ ਦੇ ਜ਼ਮਾਨੇ ਦੇ ਐਸੇ ਪ੍ਰਮਾਣ ਹਨ; ਜੋ ਸ਼ੁਭ ਕਰਮਨ ਦੀ ਪਰੰਪਰਾ ਦਾ ਹੀ ਹਿੱਸਾ ਹਨ।

ਸਪੱਸ਼ਟ ਹੀ ਸਾਰੇ ਸ਼ੁਭ ਕਰਮ ਨਾਮ ਸਿਮਰਨ ਨਾਲ ਹੀ ਸਿਧੇ ਜਾਂ ਅਸਿਧੇ ਤੌਰ ਉਤੇ ਜੁੜੇ ਹੋਏ ਹਨ।



www.AKJ.Org

# ਸਿੱਖ ਸਭਿਆਚਾਰ

[ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ ਪਟਿਆਲਾ]

ਸੱਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੰਤੁਲਤ ਸੁਘੜ ਜੀਵਨ-ਜਾਚ ਹੈ, ਜੋ ਸਾਨੂੰ ਮਨ-ਬਾਣੀ-ਕਰਮ ਕਰਕੇ ਸਹੀ ਤੇ ਸੋਹਣੇ ਕੰਮ ਸੋਹਣੀ ਤਰ੍ਹਾਂ ਕਰਨਾ ਸਿਖਾਉਂਦੀ ਹੈ। ਇਹ ਬਾਣੀ ਦੇ ਬਗੀਚੇ ਵਿਚੋਂ ਉਠੀ ਟਹਿਕ ਮਹਿਕ ਹੀ ਹੈ, ਜਿਸ ਨੇ ਸਿੱਖੀ ਨੂੰ ਰਸ-ਰੰਗ-ਰੱਤਾ ਤੇ ਮਾਣਮੱਤਾ ਬਣਾਇਆ ਹੈ। ਇਸ ਨੇ ਸਾਨੂੰ ਖ਼ਾਸ ਰਹਿਣੀ-ਬਹਿਣੀ, ਚਾਲ-ਢਾਲ, ਰਸਮ-ਰੀਤੀ, ਖਾਣ-ਪਹਿਨਣ ਤੇ ਬੋਲ-ਬਾਣੀ ਵੀ ਬਖਸ਼ੀ ਹੈ, ਜੋ ਨਿਰਲੇ ਹੋਣ ਦੀ ਝਲਕ ਦਿਖਾਉਂਦੀ ਹੈ। ਸਿੱਖ ਸਭਿਆਚਾਰ ਕੇਸਾਧਾਰੀ, ਦਸਤਾਰਧਾਰੀ, ਸਿਮਰਨ-ਸੇਵਾਧਾਰੀ ਖੜਗਧਾਰੀ, ਰਾਜ-ਜੋਗੀ ਸਭਿਆਚਾਰ ਹੈ, ਜੋ ਚੜ੍ਹਦੀ ਕਲਾ ਤੇ ਸਟਬੱਤ ਦਾ ਭਲਾ ਜਿਹੇ ਉਚੇਰੇ ਨਿਸ਼ਾਨੇ ਰੱਖਦਾ ਹੈ। ਰੂਹਨੀ ਚੜ੍ਹਦੀ ਕਲਾ ਇਸ ਲਈ ਮੰਗੀ ਗਈ ਹੈ ਤਾਂਕਿ ਪਦਾਰਥਕ ਮਾਰੂਥਲ ਦੀ ਮਾਰ ਤੋਂ ਬਚਿਆ ਜਾ ਸਕੇ ਤੇ ਸਰਬੱਤ ਦਾ ਭਲਾ ਇਸ ਲਈ ਮਿਸ਼ਨ ਬਣਾਇਆ ਹੈ ਤਾਂਕਿ ਮਨੁੱਖ ਹਉਮੈ ਤੇ ਸਵਾਰਥ ਦਾ ਸ਼ਿਕਾਰ ਹੋ, ਸੀਮਤ ਹੋ ਕੇ ਨਾ ਰਹਿ ਜਾਵੇ। ਪੁਰਾਣੇ ਲੋਕ ਧਾਰਮਿਕ ਜੀਵਨ ਨਿਭਾਉਣ ਲਈ ਸੰਸਾਰਕ ਜੀਵਨ ਤੋਂ ਸੰਨਿਆਸ ਲੈ ਲੈਂਦੇ ਸਨ ਤੇ ਦੁਨਿਆਵੀ ਭੋਗ-ਪਦਾਰਥ ਛੱਡ ਬਹਿੰਦੇ ਸਨ। ਲੇਕਿਨ ਸਤਿਗੁਰਾਂ ਸਮਝਾਇਆ ਕਿ ਗ੍ਰਿਹਸਤ ਕੁਦਰਤੀ ਜੀਵਨ ਹੈ, ਖਾਣਾ ਪੀਣਾ ਪਵਿੱਤਰ ਵਸਤੂ ਹੈ, ਸੰਸਾਰੀ ਰਸ-ਰੰਗ ਸਾਡੀ ਜ਼ਿੰਦਗੀ ਦਾ ਲਾਜ਼ਮੀ ਭਾਗ ਹਨ। ਇਸ ਲਈ ਸਿੱਖ ਨੇ ਬੁਰੀਆਂ ਆਦਤਾਂ ਦਾ ਜ਼ਰੂਰ ਤਿਆਗ ਕਰਨਾ ਹੀ ਹੈ, ਪਰ ਸੰਸਾਰ ਮਾਤਰ ਦਾ ਤਿਆਗ ਕਰਕੇ ਭਗੌੜੇ ਨਹੀਂ ਹੋਣਾ, ਸਗੋਂ 'ਅੰਜਨ ਮਾਹਿ ਨਿਰੰਜਨ' ਇਉਂ ਰਹਿਣਾ ਹੈ ਜਿਵੇਂ ਕਿ ਪਾਣੀ ਵਿਚ ਕਮਲ ਅਲੇਪ ਰਹਿ ਕੇ ਖਿੜਦਾ ਵਿਗਸਦਾ ਹੈ। ਸੋ ਸੰਸਾਰੀ ਹਾਸ-ਬਿਲਾਸ ਜ਼ਿੰਦਗੀ ਦੀ ਰਾਸ ਹਨ, ਇਨ੍ਹਾਂ ਤੋਂ ਬੇਮੁਖ ਜਾਂ ਉਦਾਸ ਹੋ ਕੇ ਬਨਵਾਸ ਨਹੀਂ ਲੈਣਾ। ਯਤਨ ਅਜਿਹਾ ਕਰਨਾ ਹੈ ਕਿ ਸਤਿਗੁਰੂ ਦੀ ਦੱਸੀ ਜੀਵਨ-ਜੁਗਤਿ ਨੂੰ ਅਪਣਾ ਕੇ ਗ੍ਰਿਹਸਤ ਵਿਚ ਨਿਰਲੇਪ ਰਹਿ ਕੇ ਰਾਜ-ਜੋਗ ਦੋਹਾਂ ਦਾ ਆਨੰਦ ਮਾਣਿਆ ਜਾ ਸਕੇ—

ਨਾਨਕ ਸਤਿਗੁਰਿ ਭੇਟਿਐ, ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ, ਵਿਚੇ ਹੋਵੈ ਮੁਕਤਿ ॥੨॥੧੬॥
(ਮ: ੫, ਪੰਨਾ ੫੨੨)

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥੫੭॥
(ਮ: ੫, ਪੰਨਾ ੩੮੫)

ਇਹ ਕੰਮ ਔਖਾ ਜ਼ਰੂਰ ਹੈ, ਪਰ ਗੁਰੂ ਸਾਹਿਬਾਨ ਨੇ ਦੋ ਸੌ ਵਰ੍ਹੇ ਲਾ ਕੇ ਸਿੱਖ ਨੂੰ ਸਮਝਾ ਦਿੱਤਾ ਹੈ ਕਿ ਉਸ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਔਗੁਣ ਤਿਆਗ ਕੇ ਸਤ, ਸੰਤੋਖ, ਧੀਰਜ, ਸ਼ਾਂਤੀ ਸਹਿਨਸ਼ੀਲਤ ਤੇ ਨਿੰਮਰਤਾ ਆਦਿ ਗੁਣਾਂ ਦਾ ਸੰਗ੍ਰਹਿ ਕਰਨਾ ਹੈ, ਤਾਂ ਹੀ ਸੱਚੇ ਰਾਜ-ਜੋਗੀ ਬਣ ਸਕੀਦਾ ਹੈ। ਇਸ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਜੋ ਅਚਾਰ ਸ਼ਾਸਤਰ ਦ੍ਰਿੜ੍ਹ ਕਰਵਾਇਆ ਗਿਆ ਹੈ, ਉਹ ਇਸ ਦਾ ਮੂਲ ਆਧਾਰ ਹੈ, ਬਾਣੀ ਦੇ ਉਪਦੇਸ਼ ਹਨ :—

੧. ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥੨॥੧੦॥ (ਪੰਨਾ ੫੯੦)
੨. ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥੨੧॥ (ਪੰਨਾ ੪੭੪)
੩. ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥੨॥੧੪॥ (੨੮੧)



www.AKJ.Org

੪. ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥੪॥੩੩॥ (ਪੰਨਾ ੨੬)
੫. ਸਭਿ ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨਾ ਹੋਇ ॥੨੧॥ (ਜਪੁਜੀ)
੬. ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥੩॥੪॥ (ਪੰਨਾ ੭੬੬)
੭. ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥੧੧॥ (ਪੰਨਾ ੯੧੮)
੮. ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ, ਪਲੈ ਸਭੁ ਕਿਛੁ ਪਾਇ ॥੭੮॥ (ਪੰਨਾ ੧੩੮੨)
੯. ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥੬੨॥ (ਪੰਨਾ ੩੮੬)
੧੦. ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥.....
ਦੁਖ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥੧੧॥ (ਵਾਰ ਗਉੜੀ, ਪੰਨਾ ੩੨੨)

ਦਸਮ ਗ੍ਰੰਥ ਦੀ ਬਾਣੀ ਵੀ ਇਸੇ ਗੱਲ ਦੀ ਪੁਸ਼ਟੀ ਕਰਦੀ ਹੈ :—

(ੳ) ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥ (ਤ੍ਵ ਪ੍ਰਸਾਦਿ ਸਵਯ)
(ਅ) ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥੮੫॥ (ਅਕਾਲ ਉਸਤਤਿ)
(ੲ) ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥੨੩੧॥ (ਚੰਡੀ ਚਰਿਤ੍ਰ)
(ਸ) ਆਤਮ ਉਪਦੇਸ ਭੇਸੁ ਸੰਜਮ ਕੋ, ਜਾਪ ਸੁ ਅਜਪਾ ਜਾਪੈ ॥
ਸਦਾ ਰਹੈ ਕੰਚਨ ਸੀ ਕਾਯਾ, ਕਾਲ ਨਾ ਕਬਹੂੰ ਬਯਾਪੈ ॥੩॥੨॥ (ਸ਼ਬਦ ਹਜ਼ਾਰੇ)
(ਹ) ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥੧॥ (ਸ਼ਬਦ ਹਜ਼ਾਰੇ)

ਸਿੱਖੀ ਨੇ "ਮਨ ਤੂ ਜੋਤਿ ਸਰੂਪੁ ਹੈ*" ਕਹਿ ਕੇ ਇਸ ਦੇ ਸਵੈਮਾਨ ਨੂੰ ਵੀ ਜਗਾਇਆ ਹੈ, ਪਰ ਨਾਲ ਹੀ ਅਭਿਮਾਨ ਤੋਂ ਨਿਰਮਲ ਹੋਣ ਲਈ ਗਰੀਬੀ ਧਾਰਨ ਤੇ ਵੀ ਜ਼ੋਰ ਦਿੱਤਾ ਹੈ :—

ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥੬॥੩॥ (੨੬੬)
ਕਰਿ ਕਿਰਪਾ ਜਿਸੁ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥੧੨॥ (ਗਉੜੀ ਸੁਖਮਨੀ ਮ: ੫, ਪੰਨਾ ੨੭੮)
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥੧॥੪੪॥ (ਪੰਨਾ ੨੫੯)

ਇਸ ਤੋਂ ਇਲਾਵਾ ਸਿੱਖ ਕਲਚਰ ਨੇ ਸਿਮਰਨ ਦੇ ਨਾਲ ਸੇਵਾ ਦਾ ਸਬਕ ਜੋ ਦਿੱਤਾ ਹੈ, ਉਹ ਸੰਤੁਲਨ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ। ਜਦ ਨਿਰਮਾਣਤਾ, ਸਹਿਨਸ਼ੀਲਤਾ ਤੇ ਮਧੁਰਤਾ ਹੋਵੇ ਤਾਂ ਫਿਰ ਕਿਸੇ ਕਿਸਮ ਦੀ ਤਲਖੀ ਪੈਦਾ ਹੋਣ ਦਾ ਸਵਾਲ ਹੀ ਨਹੀਂ, ਫਿੱਕਾ ਬੋਲਣ ਤੱਕ ਤੇ ਪਾਬੰਦੀ ਹੈ। ਭਾਣਾ ਮੰਨਣ ਦਾ ਭਾਵ ਹਰ ਦੁਖ ਸੁਖ ਨੂੰ ਮਿੱਠਾ ਕਰਕੇ ਮੰਨਣਾ ਹੈ, ਤਾਂਕਿ ਸ਼ਿਕਾਇਤ ਦੀ ਗੁੰਜਾਇਸ਼ ਹੀ ਨਾ ਰਹੇ। ਇਹ ਬਿਰਤੀ ਸਹਿਨ-ਸ਼ਕਤੀ ਨੂੰ ਮਜ਼ਬੂਤ ਕਰਦੀ ਹੈ, ਆਤਮ-ਵਿਸ਼ਵਾਸ ਪੱਕਿਆਂ ਕਰ ਕੇ ਸ਼ਖਸੀਅਤ ਨੂੰ ਅਟੱਲ ਤੇ ਅਡੋਲ ਬਣਾਉਂਦੀ ਹੈ। ਸਿੱਖੀ ਉਦਾਰਚਿਤ ਹੈ, ਉਸ ਦੀਆਂ ਸੰਗਤਾਂ ਸਾਂਝੀਆਂ ਤੇ ਲੰਗਰ ਵੀ ਸਾਂਝੇ ਹਨ, ਉਥੇ 'ਜੋ ਜੀਅ ਆਵੇ ਸੋ ਰਾਜ਼ੀ ਜਾਵੇ' ਦਾ ਵਰਤਾਰਾ ਹੈ, ਜਾਤ, ਜਨਮ, ਰੰਗ, ਨਸਲ, ਮਜ਼ੁਬ ਜਾਂ ਊਚ ਨੀਚ ਦਾ ਕੋਈ ਭੇਦ ਨਹੀਂ। ਰੂਹਾਨੀ ਰੰਗ ਨੇ ਸਰਬ-ਸਾਂਝ ਪੈਦਾ ਕਰਕੇ ਮਨੁੱਖ ਮਾਤਰ ਦਾ ਸਤਿਕਾਰ ਪੈਦਾ ਕੀਤਾ ਹੈ, ਇਸਤ੍ਰੀ ਨੂੰ ਬਰਾਬਰ ਦਾ ਦਰਜਾ ਪ੍ਰਦਾਨ ਕੀਤਾ ਹੈ ਅਤੇ ਕਿਰਤ ਕਰਨ ਵਾਲਿਆਂ ਨੂੰ ਵਿਸ਼ੇਸ਼ ਸਨਮਾਨ ਬਖਸ਼ਿਆ ਹੈ। ਅੱਗੇ ਲੋਕ ਧਰਮ ਕਮਾਉਣ ਲਈ ਕਿਰਤ ਕੰਮ ਨੂੰ ਛੱਡ ਦੇਣਾ ਹੀ ਜ਼ਰੂਰੀ ਸਮਝਦੇ ਸਨ, ਪਰ ਸਤਿਗੁਰਾਂ ਸਮਝਾਇਆ ਕਿ ਪੁਰਸ਼ਾਰਥ ਨਹੀਂ ਤਿਆਗਣਾ, ਸਗੋਂ ਕਮਾਈ ਕਰ ਕੇ ਵੰਡ ਛੱਕਣ ਦੀ ਰੀਤ

* ਆਸਾ ਮ: ੩ ਛੰਤ, ਪੰਨਾ ੪੪੧


www.AKJ.Org

ਪਾਉਣੀ ਹੈ, ਤਾਂਕਿ ਕੋਈ ਭੁਖਾ ਨਾ ਰਹੇ। 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ'* ਸੁਨਹਿਰੀ ਸਿਧਾਂਤ ਹੈ ਤੇ 'ਘਾਲਿ ਖਾਇ ਕਿਛੁ ਹਥਹੁ ਦੇਇ'† ਦੀ ਸਿਖਿਆ ਇਸ ਵਿਚ ਸੋਨੇ ਤੇ ਸੁਗੰਧੀ ਭਰਨ ਵਾਲੀ ਹੈ। ਲੇਕਿਨ ਫਿਰ ਵੀ ਸਮਝਾਇਆ ਇਉਂ ਗਿਆ ਹੈ ਕਿ ਸਰਬੱਤ ਦਾ ਭਲਾ ਕਰ ਕੇ ਵੀ ਇਸ ਉਤੇ ਅਭਿਮਾਨ ਨਹੀਂ ਕਰਨਾ, ਸਗੋਂ ਇਉਂ ਅਰਦਾਸ ਕਰਨੀ ਹੈ :

ਜਿਸ ਦਾ ਦਿਤਾ ਖਾਵਣਾ, ਤਿਸੁ ਕਹੀਐ ਸਾਬਾਸਿ ॥੨੨॥ (ਪੰਨਾ ੪੭੪)

'ਦਾਣਾ ਪਾਣੀ ਗੁਰੂ ਕਾ ਟਹਿਲ ਪਾਣੀ ਸਿੱਖ ਸੇਵਕ ਕੀ।'

'ਦੇਗ ਤੇਗ ਫਤਹ।'

ਦੇਗ ਨਾਲ ਤੇਗ ਦੀ ਫਤਹ ਇਸ ਲਈ ਮੰਗੀ ਜਾਂਦੀ ਹੈ ਕਿਉਂਕਿ ਅੰਨ-ਪਾਣੀ ਤਾਂ ਸਭ ਦੀ ਜ਼ਰੂਰਤ ਹੈ। ਧੱਕਾ-ਖੋਹ-ਲੋਕ ਸਭ ਨੂੰ ਬਰਾਬਰ ਦਾ ਵਰਤਾਰਾ ਲੈਣ ਨਹੀਂ ਦਿੰਦੇ। ਵੱਡੇ ਸਾਮਰਾਜ, ਛੋਟੇ ਛੋਟੇ ਦੇਸ਼ਾਂ ਜਾਂ ਕੌਮਾਂ ਨੂੰ ਦਬੇਲ ਬਣਾਉਣ ਵਿਚ ਲੱਗੇ ਰਹਿੰਦੇ ਹਨ। ਇਸ ਲਈ ਤੇਗ ਦੀ ਫਤਹ ਵੀ ਮੰਗੀ ਗਈ ਹੈ ਤਾਂਕਿ ਕੋਈ ਕਿਤੇ ਬੇਇਨਸਾਫ਼ੀ ਨਾ ਹੋਵੇ। ਇਹ ਬੇਇਨਸਾਫ਼ੀ ਹਰ ਦੇਸ਼ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਖਾਲਸੇ ਨੂੰ ਦੇਗ ਤੇਗ ਦਾ ਵਰਦਾਨ ਅਤੇ 'ਪੰਥ ਕੀ ਜੀਤ' ਦਾ ਅਸ਼ੀਰਵਾਦ ਇਸੇ ਲਈ ਦਿੱਤਾ ਗਿਆ ਹੈ ਕਿ ਉਹ ਸਰਬੱਤ ਦੇ ਭਲੇ ਦਾ ਮਿਸ਼ਨ ਲੈ ਕੇ ਹਰ ਕਿਸਮ ਦੇ ਅਨਿਆਂ ਵਿਰੁਧ ਸੰਗਰਾਮ ਰਚਾਵੇ ਤੇ ਇਸ ਧਰਤੀ ਨੂੰ ਸਵਰਗ ਬਣਾਵੇ। ਕੇਸਰੀ ਝੰਡਾ ਇਸੇ ਖੇੜੇ ਦਾ ਪ੍ਰਤੀਕ ਹੈ।

ਅੱਜ ਸਾਡੀ ਆਪਣੀ ਮਾਤ-ਭੂਮੀ, ਪੁੰਨ-ਭੂਮੀ ਪੰਜਾਬ ਅਜਿਹੀਆਂ ਬੇਇਨਸਾਫ਼ੀਆਂ ਦਾ ਸ਼ਿਕਾਰ ਹੈ। ਲੋਕ-ਰਾਜ ਹੋਣ ਦੇ ਬਾਵਜੂਦ ਲੋਕਰਾਜੀ ਪਰੰਪਰਾਵਾਂ ਗ਼ਾਇਬ ਹਨ, ਲੋਕਾਂ ਨੂੰ ਆਪਣਾ ਸਨਮਾਨ ਸੁਤੰਤਰਤਾ ਤੇ ਸਮਾਜਿਕ ਨਿਆਂ ਪ੍ਰਾਪਤ ਨਹੀਂ। ਬਹੁਗਿਣਤੀ ਆਪਣੇ ਅਧਿਕਾਰਾਂ ਤੋਂ ਤਾਂ ਵਾਕਿਫ਼ ਹੈ, ਪਰ ਕਰਤੱਵਾਂ ਤੋਂ ਗ਼ਾਫ਼ਲ ਹੈ, ਜਿਸ ਕਰਕੇ ਸਾਰੇ ਦੇਸ਼ ਵਿਚ ਬੇਚੈਨੀ, ਅਸੰਤੁਸ਼ਟਤਾ ਤੇ ਅਨਿਆਂ ਦਾ ਹਨੇਰ ਛਾਇਆ ਹੋਇਆ ਹੈ ਤੇ ਪੰਜਾਬ ਸਭ ਤੋਂ ਵਧ ਸੰਤਾਪ ਦਾ ਸ਼ਿਕਾਰ ਹੈ। ਇਸ ਵਿਰੁਧ ਸੰਗਠਿਤ ਹੋ ਕੇ ਸਿਆਸੀ ਸੂਝ ਬੂਝ ਨਾਲ ਕਈ ਪਾਸਿਆਂ ਤੋਂ ਲੜਨ ਦੀ ਲੋੜ ਹੈ ਕੇਵਲ ਮਾਰੂ ਹਥਿਆਰ ਇਸ ਦੀ ਵਿਗੜੀ ਨਹੀਂ ਸੰਵਾਰ ਸਕਦੇ। ਇਹ ਵੀ ਧਿਆਨ-ਗੋਚਰੇ ਗੱਲ ਹੈ ਕਿ ਸਾਡਾ ਸ਼ਾਨਦਾਰ ਸਭਿਆਚਾਰ ਕੇਵਲ ਰਾਜਨੀਤਕ ਅਤਿਆਚਾਰ ਦੀ ਮਾਰ ਹੇਠ ਹੀ ਨਹੀਂ, ਸਗੋਂ ਇਹ ਪਦਾਰਥ, ਕੱਟੜਵਾਦ, ਅਗਿਆਨਵਾਦ, ਦੰਭ, ਪ੍ਰਪੰਚਵਾਦ ਤੇ ਫ਼ੈਸ਼ਨਪ੍ਰਸਤੀ ਦਾ ਵੀ ਸ਼ਿਕਾਰ ਹੈ। ਇਸ ਕਰਕੇ ਸਾਰੇ ਪਾਸਿਆਂ ਤੋਂ ਸਾਵਧਾਨੀ ਵਰਤਣ ਦੀ ਲੋੜ ਹੈ, ਤਾਂ ਹੀ ਇਸ ਸਰੇਸ਼ਟ ਸਭਿਆਚਾਰ ਨੂੰ ਬਚਾਇਆ ਜਾ ਸਕਦਾ ਹੈ।

ਸਿੱਖ ਚਰਿਤਰ ਦਾ ਮੁੱਖ ਲੱਛਣ ਇਹ ਹੈ ਕਿ ਉਹ ਸੁਤੰਤਰਤਾ ਤੇ ਸਵੈਮਾਨ ਦਾ ਮੁਦਈ ਹੈ। ਨਾ ਉਹ ਭੈਭੀਤ ਹੋਣਾ ਪਸੰਦ ਕਰਦਾ ਹੈ ਤੇ ਨਾ ਹੀ ਭੈਭੀਤ ਕਰਨਾ। ਉਹ ਕਦੀ ਪ੍ਰਧੀਨ ਨਹੀਂ ਹੁੰਦਾ, ਆਪਣੀ ਪ੍ਰਭੂ-ਸੱਤਾ ਸਥਾਪਤ ਕਰਦਾ ਹੈ। ਜੇ ਅਜਿਹਾ ਨਾ ਹੋ ਸਕੇ ਤਾਂ ਕੁਝ ਬੇਚੈਨ ਰਹਿੰਦਾ ਹੈ। ਇਹ ਆਜ਼ਾਦੀ ਦੀ ਗੁੜ੍ਹਤੀ ਉਸ ਨੂੰ ਗੁਰਬਾਣੀ ਤੇ ਇਤਿਹਾਸ ਤੋਂ ਮਿਲਦੀ ਹੈ। ਜਿਥੇ 'ਬਾਰਿ ਪਰਾਇਐ ਬੈਸਣਾ' ਨੂੰ ਧਿਰਕਾਰਿਆ ਗਿਆ ਤੇ ਪਤ-ਵਿਹੂਣੇ ਜੀਵਨ ਜੀਊਣ ਨੂੰ ਫਿਟਕਾਰਿਆ ਗਿਆ ਹੈ, 'ਜੋਤਿ ਸਰੂਪ' ਦਸ ਕੇ ਉਸ ਦੀ ਆਤਮਾ ਨੂੰ ਵੰਗਾਰਿਆ ਵੀ ਗਿਆ ਹੈ ਕਿ ਤੂੰ ਆਪਣੀ ਅਜ਼ਾਦ ਹਸਤੀ ਨੂੰ ਜਿਵੇਂ ਕਿਵੇਂ ਬਰਕਰਾਰ ਰੱਖਣਾ ਹੈ, ਇਹੋ ਹੀ ਵਧੀਆ ਮਨੁੱਖ ਦਾ ਵਧੀਆ ਲੱਛਣ ਹੈ।

ਆਇਨਸਟਾਇਨ ਨੇ ਠੀਕ ਹੀ ਕਿਹਾ ਸੀ ਕਿ ਆਜ਼ਾਦ ਤੇ ਬਿਬੇਕਵੰਤ ਮਨੁੱਖ ਤਬਾਹ ਤਾਂ ਹੋ ਸਕਦਾ ਹੈ, ਪਰ ਉਹ ਕਦੀ ਗ਼ੁਲਾਮ ਨਹੀਂ ਹੋ ਸਕਦਾ। ਅਜਿਹੀ ਸੰਪੂਰਨ ਅਜ਼ਾਦ ਹਸਤੀ ਦਾ ਨਾਮ ਹੀ

---

* ਆਸਾ ਦੀ ਵਾਰ, ਪਉੜੀ ੨੦, ਪੰਨਾ ੪੭੪

† ਸਲੋਕ ਮ: ੧, ਵਾਰ ਸਾਰੰਗ, ੧॥੨੨, ਪੰਨਾ ੧੨੪੫



www.AKJ.Org

ਖਾਲਸਾ' ਹੈ, ਜਿਸ ਨੂੰ ਸਤਿਗੁਰਾਂ ਬਾਣੀ ਦਾ ਵਿਧਾਨ ਤੇ ਵਿਲੱਖਣ ਬਾਣੇ ਦੀ ਪਛਾਣ ਦਿੱਤੀ। ਸੋ ਇਸ ਨੂੰ ਬਰਕਰਾਰ ਰਖਣ ਦਾ ਉਪਰਾਲਾ ਕਰਨਾ ਹਰ ਸਿੱਖ ਦਾ ਕਰਤੱਵ ਹੈ। ਰੱਬੀ ਸਿਦਕ ਤੋਂ ਇਲਾਵਾ, ਧੀਰਜਵਾਨ ਤੇ ਰੌਸ਼ਨ-ਦਿਮਾਗ ਹੋ ਕੇ ਸੰਘਰਸ਼ ਕਰਨਾ ਵਧੇਰੇ ਹਿਤਕਾਰੀ ਹੈ, ਤਾਂ ਹੀ ਇਸ ਸਬਲ ਕਲਚਰ ਨੂੰ ਸੁਰੱਖਿਅਤ ਰਖਿਆ ਜਾ ਸਕਦਾ ਹੈ।

ਸਤਿਗੁਰਾਂ ਸੰਘਰਸ਼-ਸ਼ੀਲ ਵਿਅਕਤੀ ਨੂੰ ਉਚੇਚੀ ਤਾਕੀਦ ਕੀਤੀ ਹੈ ਕਿ ਕਰਤਾਰ ਨੂੰ ਚਿਤਾਰੇ, ਸੰਗਰਾਮ ਦੇ ਦਾਅ ਪੇਚ ਬੀਚਾਰੇ, ਧੀਰਜ ਧਾਰੇ ਤੇ ਦਿਮਾਗ ਨੂੰ ਗਿਆਨ ਨਾਲ ਸ਼ਿੰਗਾਰੇ, ਤਾਂ ਹੀ ਸਫਲਤਾ ਸੰਭਵ ਹੈ—

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧ ਬੀਚਾਰੈ॥
ਦੇਹ ਅਨਿਤ ਨਾ ਨਿਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ,ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥(ਕ੍ਰਿਸ਼ਨਾਵਤਾਰ)

---

[੧੧ ਸਫ਼ੇ ਦੀ ਬਾਕੀ]

ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ॥
ਹਰਿ ਆਪਨੀ ਕ੍ਰਿਪਾ ਕਰੀ, ਆਪਿ ਗ੍ਰਿਹਿ ਆਇਓ,
ਹਮ ਹਰਿ ਕੀ ਗੁਰ ਕੀਈ ਹੈ ਬਸੀਠੀ,
ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ॥੧॥੭॥ (ਨਟ ਨਾਰਾਇਨ ਮ: ੪, ਪੰ: ੯੭੭)

ਤਾਂ ਤੇ ਹੇ ਮੇਰੇ ਮਨ !—

ਮੇਰੇ ਮਨ ਸੇਵ ਸਫਲ ਹਰਿ ਘਾਲ॥ ਲੇ ਗੁਰ ਪਗ ਰੇਨ ਰਵਾਲ॥
ਸਭਿ ਦਾਲਿਦ ਭੰਜਿ ਦੁਖ ਦਾਲ॥ ਹਰਿ ਹੋ ਹੋ ਹੋ ਨਦਰਿ ਨਿਹਾਲ ॥੧॥ਰਹਾਉ॥੭॥
(ਨਟ ਨਾਰਾਇਨ ਮ: ੪, ਪੰਨਾ ੯੭੭)

ਮੇਰੇ ਮਨ !—

"ਹਰਿ ਹੋ ਹੋ ਹੋ ਨਦਰਿ ਨਿਹਾਲ॥"
ਨਦਰਿ ਨਿਹਾਲ...ਨਦਰਿ ਨਿਹਾਲ ..ਨਦਰਿ ਨਿਹਾਲ॥

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| ਤਉ ਕਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| Dawn of Divine wisdom | 0·75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੧-੦੦ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ] | ੧-੫੦ |




www.AKJ.Org

# ਮੋਰਚਾ ਗੁਰੂ ਕੇ ਬਾਗ ਸੰਬੰਧੀ ਕੁਝ ਰੋਚਕ ਵਰਣਨ

[ਪ੍ਰਿੰਸੀਪਲ ਕੁਲਦੀਪ ਸਿੰਘ 'ਹਤ੍ਰੇਰਾ' 162, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਗੁਰੂ ਕਾ ਬਾਗ (ਘੁਕੇਵਾਲੀ) ਜ਼ਿਲਾ ਅੰਮ੍ਰਿਤਸਰ ਵਿਚ ਹੈ। ਏਥੋਂ ਦਾ ਗੁਰਦੁਆਰਾ ੧੯੨੨ ਵਿਚ ਮਹੰਤ ਸੁੰਦਰ ਦਾਸ ਦੇ ਕਬਜ਼ੇ ਵਿਚ ਸੀ। ਇਹ ਮਹੰਤ ਵੀ ਕਈ ਹੋਰਨਾਂ ਮਹੰਤਾਂ ਵਾਂਗ ਵਿਭਚਾਰੀ ਸੀ। ਇਸ ਲਈ ੮ ਅਗਸਤ ੧੯੨੨ ਨੂੰ ਮਹੰਤ ਦੇ ਕਬਜ਼ੇ ਵਿਚੋਂ ਗੁਰਦੁਆਰਾ ਛੁਡਾਣ ਲਈ ਸ਼ਾਂਤਮਈ ਮੋਰਚਾ ਲੱਗਾ। ਇਹ ਮੋਰਚਾ ਵੀ ਅਕਾਲੀ ਲਹਿਰ ਦਾ ਇਕ ਹਿੱਸਾ ਹੀ ਸੀ। ਵੇਲੇ ਦੀ ਸਰਕਾਰ ਨੇ ਮਹੰਤ ਦਾ ਪੱਖ ਲਿਆ। ੨੩ ਅਗਸਤ ਤੋਂ ੧੩ ਸਤੰਬਰ ਤੱਕ ਜਿਹੜੇ ਸ਼ਾਂਤਮਈ ਜੱਥੇ ਜਾਂਦੇ ਰਹੇ, ਉਹਨਾਂ ਉਤੇ ਜੋ ਜ਼ੁਲਮ ਢਾਹੇ ਗਏ ਤੇ ਜਿਸ ਬੇਦਰਦੀ ਨਾਲ ਜੱਥੇ ਦੇ ਸ਼ਾਂਤਮਈ ਮੈਂਬਰਾਂ ਨੂੰ ਕੁਟਿਆ-ਮਾਰਿਆ ਗਿਆ, ਉਸ ਦਾ ਚਰਚਾ ਕੇਵਲ ਪੰਜਾਬ ਜਾਂ ਦੇਸ਼ ਵਿਚ ਹੀ ਨਾ ਹੋਇਆ, ਸਗੋਂ ਉਸ ਬਰਬਰੀਅਤ ਦੀਆਂ ਖ਼ਬਰਾਂ ਇੰਗਲੈਂਡ ਤੇ ਅਮਰੀਕਾ ਤੱਕ ਵੀ ਪੁੱਜੀਆਂ। ਮਾਰ-ਕੁੱਟ ਖਾ ਕੇ ਵੀ ਜੋ ਸ਼ਾਂਤਮਈ ਸਿੰਘਾਂ ਨੇ ਰੱਖੀ, ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਇਸ ਨਾਲ-ਸਿੱਖਾਂ ਦੀ ਸਹਿਨਸ਼ੀਲਤਾ ਜਗਤ-ਪ੍ਰਸਿੱਧ ਹੋ ਗਈ। ਬਹਾਦਰੀ ਤਾਂ ਦੁਨੀਆ ਪਹਿਲੋਂ ਵੀ ਵੇਖ ਚੁਕੀ ਹੋਈ ਸੀ। ੧੩ ਸਤੰਬਰ ਤੋਂ ੧੭ ਨਵੰਬਰ ਤੱਕ ਗ੍ਰਿਫ਼ਤਾਰੀਆਂ ਜਾਰੀ ਰਹੀਆਂ। ਆਖ਼ਰ ਜਬਰ ਅੱਗੇ ਸਬਰ ਦੀ ਜਿੱਤ ਹੋਈ। ਸਿੱਖਾਂ ਦੀਆਂ ਮੰਗਾਂ ਪੂਰੀਆਂ ਹੋਈਆਂ ਤੇ ਮੋਰਚਾ ੧੭ ਨਵੰਬਰ ੧੯੨੨ ਨੂੰ ਸਫਲਤਾ ਸਹਿਤ ਜਿਤਿਆ ਗਿਆ। ਇਸ ਮੋਰਚੇ ਵਿਚ ੫੬੦੫ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਤੇ ਦਰਜਨ ਤੋਂ ਵੱਧ ਸ਼ਹੀਦੀਆਂ ਹੋਈਆਂ। ਇਕ ਅਨੁਮਾਨ ਅਨੁਸਾਰ ਡੇਢ ਹਜ਼ਾਰ ਤੋਂ ਵੱਧ ਅਕਾਲੀ ਪੁਲੀਸ ਦੀਆਂ ਡਾਂਗਾਂ ਨਾਲ ਜ਼ਖਮੀ ਹੋਏ। ਇਸ ਮੋਰਚੇ ਦੇ ਹਾਲਾਤ ਦੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਕੁਝ ਰੋਚਕ ਤੱਥਾਂ ਦਾ ਵਰਣਨ ਹਾਜ਼ਰ ਹੈ—

੧. ਜਿਹੜੇ ਅਕਾਲੀ ਇਸ ਮੋਰਚੇ ਵਿਚ ਜਾਂਦੇ ਸਨ, ਉਹਨਾਂ ਦੇ ਸਿਰਾਂ ਉਤੇ ਕਾਲੀਆਂ ਦਸਤਾਰਾਂ ਹੁੰਦੀਆਂ ਸਨ। ਸਰਕਾਰ ਨੂੰ ਕਾਲੀ ਦਸਤਾਰ ਚੁੱਭਦੀ ਸੀ। ਉਸ ਲਈ ਕਾਲੀ ਦਸਤਾਰ ਬੰਨ੍ਹਣਾ ਜੁਰਮ ਕਰਨ ਤੁੱਲ ਸੀ। ਕਾਲੀ ਦਸਤਾਰ ਬੰਨ੍ਹਣ ਵਾਲਿਆਂ ਉਤੇ ਸਖਤੀ ਹੁੰਦੀ ਸੀ। ਜਿਉਂ ਜਿਉਂ ਸਖਤੀ ਹੁੰਦੀ ਸੀ ਤਿਉਂ ਤਿਉਂ ਲੋਕ ਪਿੰਡਾਂ ਵਿਚ ਕਾਲੀਆਂ ਦਸਤਾਰਾਂ ਜਾਣ-ਬੁਝ ਕੇ ਬੰਨ੍ਹਦੇ ਸਨ। ਪਿੰਡਾਂ ਵਿਚ ਪਾਣੀ ਦੇ ਵੱਡੇ ਵੱਡੇ ਦੇਗੇ ਤੇ ਕੜਾਹੇ ਕਾਲਾ ਰੰਗ ਪਾ ਕੇ ਅੱਗ ਉਤੇ ਧਰ ਦਿਤੇ ਜਾਂਦੇ ਸਨ। ਪਿੰਡ ਦੇ ਬੱਚੇ, ਜਵਾਨ, ਬੁਢੇ, ਕੁਆਰੀਆਂ, ਵਿਆਹੀਆਂ, ਬੁਢੀਆਂ ਸਭ ਆਪਣੇ ਆਪਣੇ ਦੁਪੱਟੇ ਤੇ ਦਸਤਾਰਾਂ ਉਹਨਾਂ ਵਿਚ ਸੁੱਟੀ ਜਾਂਦੇ ਸਨ। ਫੇਰ ਕੱਢ ਕੇ ਬੰਨ੍ਹ ਲੈਂਦੇ ਸਨ। ਕਾਲੀ ਦਸਤਾਰ ਵਾਲਾ ਕੋਈ ਵਿਅਕਤੀ ਭਾਵੇਂ ਕਿਧਰੇ ਆ ਜਾ ਰਿਹਾ ਹੋਵੇ, ਪੁਲੀਸ ਉਸ ਨੂੰ ਫੜ ਲੈਂਦੀ, ਥਾਣੇ ਵਿਚ ਲਿਜਾ ਕੇ ਖੱਜਲ-ਖੁਆਰ ਕਰਦੀ। ਜਿਉਂ ਜਿਉਂ ਸਰਕਾਰ ਇਸ ਤਰ੍ਹਾਂ ਦੇ ਕੋਝੇ ਹਥਿਆਰ ਵਰਤਦੀ, ਲੋਕਾਂ ਵਿਚ ਕਾਲੀ ਦਸਤਾਰ ਬੰਨ੍ਹਣ ਬਾਰੇ ਜੋਸ਼ ਵੱਧਦਾ ਜਾਂਦਾ।

੨. ਸਹਿੰਸਰਾ, ਘੁਕੇਵਾਲੀ, ਲਸ਼ਕਰੀ ਨੰਗਲ, ਜਗਦੇਉ ਕਲਾਂ ਆਦਿ ਪਿੰਡ "ਗੁਰੂ ਕੇ ਬਾਗ" ਦੇ ਆਲੇ-ਦੁਆਲੇ ਵੱਸਦੇ ਸਨ। ਇਹਨਾਂ ਪਿੰਡਾਂ ਦੇ ਲੋਕ ਚੋਰੀ-ਛਿਪੀ ਸਤਿਆਗ੍ਰਹੀਆਂ ਵਾਸਤੇ ਰਸਦ-ਪਾਣੀ ਗੁਰੂ ਕੇ ਬਾਗ ਪੁਚਾਂਦੇ ਸਨ। ਇਸ ਲਈ ਇਹਨਾਂ ਪਿੰਡਾਂ ਉਤੇ ਖ਼ਾਸ ਸਖਤੀ ਤੇ ਨਿਗਰਾਨੀ ਕੀਤੀ ਜਾਂਦੀ ਸੀ। ਪਿੰਡਾਂ ਦੇ ਨੌਜਵਾਨਾਂ ਇਕ "ਡੁਰਲੀ ਜੱਥਾ" ਬਣਾਇਆ ਹੋਇਆ ਸੀ, ਜਿਹੜਾ ਨਹਿਰ ਵਿਚੋਂ ਲੰਘ ਕੇ, ਆਪਣੇ ਆਪ ਨੂੰ ਖ਼ਤਰੇ ਚਿ ਪਾ ਕੇ ਵੀ ਰਸਦ ਗੁਰਦੁਆਰੇ ਪੁਚਾਂਦਾ ਸੀ। ਇਸ ਦਾ ਮਕਸਦ ਕੇਵਲ ਸੇਵਾ-ਭਾਵਨਾ ਵਾਲਾ ਹੀ ਸੀ। ਸਹਿੰਸਰੇ ਵਿਚ ਛਾਪਾ ਮਾਰ ਕੇ ਪੁਲੀਸ ਨੇ ਕਈ ਇਸਤ੍ਰੀਆਂ ਤੇ ਮਰਦਾਂ ਨੂੰ ਅਜਿਹਾ ਕਰਨ ਬਦਲੇ ਮਾਰਿਆ-ਕੁਟਿਆ। ਇਕ ਆਦਮੀ ਦੀ ਪਿੱਠ ਤੇ ੨੪ ਉਭਰਵੇਂ ਨਿਸ਼ਾਨ ਲਾਠੀਆਂ ਦੇ ਸਨ, ੧੪ ਨਿਸ਼ਾਨ ਉਸ ਦੇ ਗੁਪਤ-ਅੰਗਾਂ ਉਤੇ ਵੀ ਸਨ। ਇਕ ਹੋਰ ਵਿਅਕਤੀ ਨੂੰ ੧੯ ਨਿਸ਼ਾਨ ਸਨ ਤੇ ਤੀਸਰੇ ਨੂੰ ੨੧। ਸਭ ਤੋਂ ਵੱਧ



www.AKJ.Org

ਜ਼ੁਲਮ ਪਿੰਡ ਤੇੜਾ ਖ਼ੁਰਦ ਦੇ ਇਕ ਕਿਸਾਨ-ਪ੍ਰਵਾਰ ਤੇ ਕੀਤਾ ਗਿਆ। ਪਿੰਡ ਦਾ ਵਾਸੀ ਭਗਤ ਸਿੰਘ ਤੇ ਉਸ ਦੇ ਦੋ ਪੁੱਤਰ ਤਾਰਾ ਸਿੰਘ ਤੇ ਆਸਾ ਸਿੰਘ ਆਪਣੇ ਖੇਤ ਵਿਚ ਮਕੱਈ ਦੀ ਗੋਡੀ ਕਰ ਰਹੇ ਸਨ। ਕੋਲੋਂ ਇਕ ਘੁਮਿਆਰ ਆਪਣੇ ਖੋਤਿਆਂ ਉਤੇ ਗੁਰਦੁਆਰੇ ਲਈ ਰਸਦ ਲੈ ਕੇ ਲੰਘਿਆ। ਪੁਲੀਸ ਨੂੰ ਸ਼ਕ ਹੋਇਆ ਕਿ ਰਸਦ ਘੱਲਣ ਵਿਚ ਇਹਨਾਂ ਕਿਸਾਨਾਂ ਦਾ ਹੀ ਹੱਥ ਹੈ। ਬਸ ਫੇਰ ਕੀ ਸੀ, ਤਿੰਨਾਂ ਨੂੰ ਹੀ ਅੰਨ੍ਹੇਵਾਹ ਲਾਠੀਆਂ ਨਾਲ ਕੁਟਿਆ ਗਿਆ, ਬੰਦੂਕਾਂ ਦੇ ਕੁੰਦੇ ਤੇ ਬੂਟਾਂ ਦੇ ਠੁੱਡੇ ਮਾਰੇ ਗਏ। ਇੰਨੀ ਮਾਰ ਦੀ ਤਾਬ ਨਾ ਲਿਆਉਂਦਾ ਹੋਇਆ ਭਾਈ ਭਗਤ ਸਿੰਘ ਤਾਂ ਅਗਲੇ ਦਿਨ ਹੀ ਸ਼ਹੀਦ ਹੋ ਗਿਆ ਤੇ ਚੌਥੇ ਦਿਨ ਉਸ ਦਾ ਵੱਡਾ ਲੜਕਾ ਤਾਰਾ ਸਿੰਘ ਵੀ ਪਿਤਾ ਦੇ ਪਿਛੇ ਹੀ ਅਕਾਲ ਪੁਰਖ ਪਾਸ ਜਾ ਪੁੱਜਾ। ਉਸ ਦੀ ਲਾਸ਼ ਲਾਰੀ ਵਿਚ ਪਾ ਕੇ ਅੰਮ੍ਰਿਤਸਰ ਅਕਾਲੀਆਂ ਦੇ ਬਾਗ ਵਿਚ ਲਿਆਂਦੀ ਗਈ। ਲੋਕ ਵਖ ਵੇਖ ਕੇ ਤ੍ਰਾਹ ਤ੍ਰਾਹ ਕਰ ਉਠੇ। ਭਾਈ ਤਾਰਾ ਸਿੰਘ ਸ਼ਹੀਦ ਦੀ ਅਰਥੀ ਦਾ ਜਲੂਸ ਕੱਢਿਆ ਗਿਆ। ਲੋਕਾਂ ਵਿਚ ਮੋਰਚੇ ਵਾਸਤ ਹੋਰ ਉਤਸ਼ਾਹ ਤੇ ਸਰਕਾਰ ਪ੍ਰਤੀ ਨਫਰਤ ਵੱਧ ਗਈ।

੨–ੳ ਇਸ ਮੋਰਚੇ ਵਿਚ ਬੀ.ਟੀ. ਨਾਂ ਦੇ ਪੁਲੀਸ ਅਫ਼ਸਰ ਨੂੰ ਡਿਪਟੀ ਕਮਿਸ਼ਨਰ ਡੋਨਿਟ ਵਲੋਂ ਵੱਧ ਤੋਂ ਵਧ ਸਖ਼ਤੀ ਕਰਨ ਦੀਆਂ ਹਦਾਇਤਾਂ ਮਿਲੀਆਂ ਹੋਈਆਂ ਸਨ। ਉਹ ਬੇਰਹਿਮੀ ਤੇ ਪਸ਼ੂ-ਬਲ ਵਰਤਣ ਵਿਚ ਮਾਹਿਰ ਮੰਨਿਆ ਜਾਂਦਾ ਸੀ। ੩੧ ਅਗਸਤ ਤੋਂ ਪਿਛੋਂ ਮਾਰ-ਕੁਟਾਈ ਕਰਨ ਸਮੇਂ ਹੱਥ-ਗੋਡੇ ਭੰਨਣਾ ਤੇ ਸਿਰ ਪਾੜਨਾ ਇੱਕ ਆਮ ਜਿਹੀ ਗੱਲ ਹੋ ਚੁਕੀ ਸੀ। ਜਿਹੜਾ ਜੱਥਾ ਸ੍ਰੀ ਅਕਾਲ ਤਖਤ ਤੋਂ ਪੂਰਨ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਗੁਰੂ ਕੇ ਬਾਗ ਵੱਲ ਚੱਲਦਾ ਸੀ, ਬੀ. ਟੀ. ਦੀ ਪਲੀਸ ਉਸ ਜੱਥੇ ਨੂੰ ਘੇਰ ਲੈਂਦੀ ਤੇ ਮਾਰ-ਮਾਰ ਕੁੱਟ-ਕੁੱਟ ਕੇ ਜ਼ਮੀਨ ਤੇ ਵਿਛਾ ਦੇਂਦੀ। ਜਿਹੜਾ ਜ਼ਮੀਨ ਤੋਂ ਉੱਠਦਾ, ਉਸ ਨੂੰ ਫਿਰ ਤੌਣੀ ਲਾਈ ਜਾਂਦੀ ਸੀ। ਜਦੋਂ ਤੱਕ ਉਹ ਬੇਹੋਸ਼ ਹੋ ਕੇ ਡਿੱਗ ਨਹੀਂ ਸਨ ਪੈਂਦੇ, ਉਨ੍ਹਾਂ ਨੂੰ ਛੱਲੀਆਂ ਵਾਂਗ ਕੁਟਿਆ ਜਾਂਦਾ। ਲੱਤਾਂ ਬਾਹਵਾਂ ਤੇ ਕੇਸਾਂ ਤੋਂ ਫੜ ਫੜ ਕੇ ਉਹਨਾਂ ਨੂੰ ਛੱਪੜ ਜਾਂ ਨਹਿਰ ਵਿਚ ਗੋਤੇ ਦਿਤੇ ਜਾਂਦੇ। ਇਹ ਜ਼ੁਲਮ ਤੇ ਸ਼ਾਂਤਮਈ ਦੀ ਅਜੀਬ ਲੜਾਈ ਸੀ, ਇਹ ਜਬਰ ਤੇ ਸਬਰ ਦਾ ਅਨੋਖਾ ਭੇੜ ਸੀ, ਜਿਸ ਨੇ "ਗੁਰੂ ਕਾ ਬਾਗ" ਹਿੰਦੁਸਤਾਨ ਭਰ ਦੇ ਨਕਸ਼ੇ ਤੇ ਸਭ ਨੂੰ ਵਿਖਾ ਦਿੱਤਾ। ਕਾਂਗਰਸ ਤੇ ਖਿਲਾਫ਼ਤ ਦੇ ਕਈ ਆਗੂ ਅੰਮ੍ਰਿਤਸਰ ਆਏ ਤੇ ਉਹਨਾਂ ਨੇ ਸਭ ਕੁਝ ਆਪਣੀ ਅੱਖੀਂ ਵੇਖਿਆ।

੩. ਹੋਰ ਤੇ ਹੋਰ, ਇਸ ਬੇਦਰਦੀ ਦਾ ਅਸਰ ਸਿਪਾਹੀਆਂ ਉਤੇ ਵੀ ਹੋਇਆ। ਇੱਕ ਅਰਥ ਭਰਪੂਰ ਘਟਨਾ ਉਦੋਂ ਵਾਪਰੀ ਜਦੋਂ ਗੋਰਖੇ ਸਿਪਾਹੀਆਂ ਨੇ ਨਿਹੱਥੇ ਤੇ ਸ਼ਾਂਤਮਈ ਅਕਾਲੀਆਂ ਨੂੰ ਮਾਰਨ-ਕੁੱਟਣ ਤੋਂ ਇਨਕਾਰ ਕਰ ਦਿੱਤਾ। ਉਹ ਜੰਗ ਵਿੱਚ ਸਿੱਖਾਂ ਦੀ ਬਹਾਦਰੀ ਵੇਖ ਚੁਕੇ ਸਨ। ਉਹਨਾਂ ਕਿਹਾ, "ਉਹ ਲੜਨ ਤਾਂ ਅਸੀਂ ਵੀ ਲੜੀਏ। ਉਹ ਤਾਂ ਅਗੋਂ ਹੱਥ ਨਹੀਂ ਚੁਕਦੇ, ਮਾਰ ਖਾਈ ਜਾਂਦੇ ਹਨ। ਸਿਪਾਹੀ ਨੂੰ ਨਿਹੱਥੇ ਨੂੰ ਕੁੱਟਣਾ ਸੋਭਦਾ ਨਹੀਂ। ਉਹਨਾਂ ਨੂੰ ਲਾਠੀਆਂ ਮਾਰਦਿਆਂ ਸਾਨੂੰ ਸ਼ਰਮ ਆਉਂਦੀ ਹੈ। ਉਹਨਾਂ ਗੋਰਖਿਆਂ ਦਾ ਕੋਰਟ-ਗਾਰਡ ਕੀਤਾ ਗਿਆ। ਕੁਝ ਇਕ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਇਸ ਸੰਬੰਧ ਵਿਚ ਪ੍ਰੋ: ਰੁਚੀ ਰਾਮ ਨੇ *"Struggle for Reform in Sikh Shrines"* ਪੁਸਤਕ ਦੇ ਸਫ਼ਾ ੧੯੯ ਤੇ ਲਿਖਿਆ ਹੈ, "ਇਸ ਘਟਨਾ ਨੇ ਗੋਰਖੇ ਸਿਪਾਹੀਆਂ ਦੀ ਮਨੁੱਖੀ-ਹਮਦਰਦੀ ਤੇ ਬੀਰਤਾ ਨੂੰ ਉਜਾਗਰ ਕਰ ਦਿੱਤਾ।"

ਕਾਂਗਰਸ ਦੇ ਉਦਾਰਵਾਦੀ ਆਗੂ ਪੰਡਤ ਮਦਨ ਮੋਹਨ ਮਾਲਵੀਆ ਸਰਕਾਰੀ ਆਗਿਆ ਨਾਲ ਮੌਕਾ ਵੇਖਣ ਗਏ। ਪ੍ਰੋ: ਰੁਚੀ ਰਾਮ ਸਾਹਨੀ ਵੀ ਆਪ ਦੇ ਨਾਲ ਸਨ। ਉਹਨਾਂ ਜੋ ਕੁਝ ਅੱਖੀਂ ਵੇਖਿਆ, ਉਸ ਦੇ ਅਧਾਰ ਤੇ ਆਪ ਨੇ ਕਿਹਾ, "ਅਕਾਲੀਆਂ ਉਤੇ ਕੀਤਾ ਜਾ ਰਿਹਾ ਹਰ ਇੱਕ ਲਾਠੀ-ਵਾਰ ਹਿੰਦੁਸਤਾਨ ਚਿ ਬ੍ਰਿਟਿਸ਼ ਰਾਜ ਦੀਆਂ ਜੜ੍ਹਾਂ ਉਤੇ ਲਾਠੀ-ਵਾਰ ਹੈ।"

੫ ਸਤੰਬਰ ੧੯੨੨ ਨੂੰ ਲਾਇਲਪੁਰ ਦੇ ੧੦੦ ਸਿੰਘਾਂ ਦਾ ਜੱਥਾ ਗੁਰੂ ਕੇ ਬਾਗ ਨੂੰ ਜਾ ਰਿਹਾ ਸੀ। ਇਸ ਜੱਥੇ ਵਿਚ ਬਹੁਤੇ ਸਿੰਘ ਪਿਨਸ਼ਨੀ ਜਾਂ ਇਨਾਮਾਂ-ਮੁਰੱਬਿਆਂ ਵਾਲਿਆਂ ਦੇ ਸਾਕ-ਸੰਬੰਧੀ ਸਨ। ਜਥੇਦਾਰ



www.AKJ.Org

ਪ੍ਰਿਥੀਪਾਲ ਸਿੰਘ ਇਕ ਸੂਬੇਦਾਰ ਦਾ ਪੁੱਤਰ ਸੀ। ਜਥੇਦਾਰ ਬੜਾ ਜਵਾਨ ਸੀ। ਉਸ ਨੂੰ ਢਾਹ ਕੇ ਛੇ-ਸਤ ਪੁਲਸੀਆਂ ਨੇ ਉਸ ਦੀ ਛਾਤੀ ਤੇ ਚੜ੍ਹ ਕੇ ਉਸ ਨੂੰ ਕੁਟਿਆ। ਉਹ ਸੱਤ ਵਾਰ ਉਠਿਆ, ਹਰ ਵਾਰੀ ਉਸ ਉਤੇ ਲਾਠੀਆਂ ਦਾ ਮੀਂਹ ਵਸਾਇਆ ਜਾਂਦਾ। ਕੁੱਟ ਕੁੱਟ ਕੇ ਉਸ ਨੂੰ ਮਰਨ-ਕਿਨਾਰੇ ਕਰ ਦਿੱਤਾ। ਜਦੋਂ ਉਹ ਹਿਲਣ-ਜੁਲਣ ਜੋਗਾ ਨਾ ਰਿਹਾ ਤਾਂ ਉਸ ਨੂੰ ਗੱਡੀ ਵਿਚ ਪਾ ਕੇ ਅੰਮ੍ਰਿਤਸਰ ਲਿਆਂਦਾ ਗਿਆ। ਉਹ ਬਾਗ ਅਕਾਲੀਆਂ ਵਿਚ ਬੇਹੋਸ਼ ਪਿਆ ਰਿਹਾ। ਡਾਕਟਰਾਂ ਦੇ ਕਥਨ ਅਨੁਸਾਰ ਉਸ ਦੇ ਸਰੀਰ ਦਾ ਕੋਈ ਅੰਗ ਐਸਾ ਨਹੀਂ ਸੀ ਜਿਸ ਤੇ ਜ਼ਖਮ ਨਾ ਹੋਵੇ। ਇਸ ਦੇ ਛੁੱਟ ਬਹੁਤ ਸਾਰੇ ਗੁੱਝੇ ਤੇ ਡੂੰਘੇ ਜ਼ਖਮ ਵੀ ਸਨ। ਉਹ ੨ ਅਪ੍ਰੈਲ ੧੯੨੪ ਨੂੰ ਗੁਰੂ ਰਾਮਦਾਸ ਹਸਪਤਾਲ ਵਿਚ ਚਲਾਣਾ ਕਰ ਗਿਆ। ਉਸ ਦੀ ਸ਼ਹੀਦੀ ਅੰਗਰੇਜ਼ ਸਰਕਾਰ ਦੇ ਸਾਊਪੁਣੇ ਤੇ ਵੱਡਾ ਕਲੰਕ ਸੀ।

੪. **ਪਾਦਰੀ ਐਂਡਰੂਜ਼**—ਗੁਰੂ ਕੇ ਬਾਗ ਦੇ ਮੋਰਚੇ ਦੀਆਂ ਖ਼ਬਰਾਂ ਪੜ੍ਹ ਸੁਣ ਕੇ ੧੨ ਸਤੰਬਰ ੧੯੨੨ ਨੂੰ ਉਥੇ ਪੁੱਜਾ, ਤਾਂ ਜੁ ਸਭ ਕੁਝ ਆਪਣੀ ਅੱਖੀਂ ਵੇਖ ਸਕੇ। ਉਸ ਨੇ ਜੋ ਵੇਖਿਆ, ਉਸ ਬਾਰੇ ਉਸ ਦੋ ਲੇਖ ਅਖਬਾਰਾਂ ਨੂੰ ਭੇਜੇ। ਇਹ ਲੇਖ ਭਾਵ-ਪੂਰਤ, ਕਰੁਣਾ-ਮਈ ਤੇ ਪਾਦਰੀ ਐਂਡਰੂਜ਼ ਦੇ ਦਿਲ ਦੀਆਂ ਡੂੰਘਾਣਾਂ ਵਿਚੋਂ ਨਿਕਲੇ ਹੋਏ ਸਨ। ਆਪ ਨੇ ਲਿਖਿਆ—

"ਇਹ ਉਹ ਨਜ਼ਾਰਾ ਸੀ ਜਿਹੜਾ ਮੈਂ ਫੇਰ ਕਦੇ ਨਹੀਂ ਵੇਖਣਾ ਚਾਹਵਾਂਗਾ, ਨਜ਼ਾਰਾ ਜਿਹੜਾ ਕਿਸੇ ਅੰਗਰੇਜ਼ ਦੇ ਵਿਸ਼ਵਾਸ ਕਰਨ ਦੇ ਯੋਗ ਨਹੀਂ। ਕਾਲੀਆਂ ਦਸਤਾਰਾਂ ਵਾਲੇ ਚਾਰ ਅਕਾਲੀ ਸਿੱਖ ਇੱਕ ਦਰਜਨ ਪੁਲਸੀਆਂ, (ਦੋ ਅੰਗਰੇਜ਼ ਅਫਸਰਾਂ ਸਮੇਤ) ਦੇ ਸਾਹਮਣੇ ਖਲੋਤੇ ਸਨ।...ਉਹ ਪੂਰਨ ਤੌਰ ਤੇ ਅਹਿਲ ਸਨ ਤੇ ਚੁੱਪ-ਚਾਪ ਖੜੋਤੇ ਸਨ। ਉਹਨਾਂ ਦੇ ਹੱਥ ਪ੍ਰਾਰਥਨਾ ਵਿੱਚ ਜੁੜੇ ਹੋਏ ਸਨ। ਉਹਨਾਂ ਵਲੋਂ ਰਤੀ ਭਰ ਵੀ ਭੜਕਾਹਟ ਤੋਂ ਬਿਨਾਂ ਇੱਕ ਅੰਗਰੇਜ਼ ਨੇ ਪਿੱਤਲ ਦੀ ਸੰਮ ਵਾਲੀ ਡਾਂਗ ਪੂਰੇ ਜ਼ੋਰ ਨਾਲ ਮਾਰੀ। ਉਸ ਅੰਗਰੇਜ਼ ਨੇ ਉਹ ਡਾਂਗ ਐਸੇ ਢੰਗ ਨਾਲ ਮਾਰੀ ਕਿ ਉਸ ਪ੍ਰਾਰਥਨਾ ਕਰਦੇ ਸਿੱਖ ਦੇ ਗਲ ਦੀ ਹਸੀ ਉਤੇ ਵੱਜੀ। ਉਹ ਅਤਿਅੰਤ ਕਾਇਰਾਨਾ ਵਾਰ ਸੀ। ਜਦੋਂ ਮੈਂ ਇਹ ਨਜ਼ਾਰਾ ਵੇਖਿਆ ਤਾਂ ਮੈਂ ਬੜੀ ਮੁਸ਼ਕਲ ਨਾਲ ਆਪਣੇ ਆਪ ਤੇ ਕਾਬੂ ਰੱਖ ਸਕਿਆ ਬਾਕੀ ਦੇ ਸਿੱਖ ਵੀ ਡਾਂਗਾਂ ਮਾਰ ਮਾਰ ਕੇ ਧਰਤੀ ਤੇ ਵਿਛਾ ਦਿਤੇ ਗਏ...ਇਸ ਤੋਂ ਪਿਛੋਂ ਪੁਲੀਸ ਨੇ ਅਜਿਹੀਆਂ ਕਾਰ-ਵਾਈਆਂ ਕੀਤੀਆਂ ਜਿਹੜੀਆਂ ਅਤਿਅੰਤ ਪਸੂਪੁਣੇ ਵਾਲੀਆਂ ਸਨ। ਮੈਂ ਆਪ ਵੇਖਿਆ ਕਿ ਇਕ ਪੁਲਸੀਆ ਇਕ ਸਿੱਖ ਦੇ ਢਿੱਡ ਵਿਚ ਠੁੱਡੇ ਮਾਰ ਰਿਹਾ ਸੀ। ਇਹ ਕਾਰਵਾਈ ਇਤਨੀ ਨਿਰਦੈਤਾ ਵਾਲੀ ਸੀ ਕਿ ਉਚੀ ਚੀਕਣ ਤੇ ਅਗਾਂਹ ਜਾਣ ਤੋਂ ਆਪਣੇ ਆਪ ਨੂੰ ਮੈਂ ਰੋਕ ਨਾ ਸਕਿਆ। ਮੈਂ ਇਕ ਹੋਰ ਕਾਰਾ ਵੇਖਿਆ ਕਿ ਉਹਨਾਂ ਇਕ ਅਕਾਲੀ ਨੂੰ ਚੁੱਕ ਕੇ ਜ਼ਮੀਨ ਉਤੇ ਧੜੈਮ ਮਾਰਿਆ। ਉਸ ਮੂਧੇ ਪਏ ਹੋਏ ਸਿੱਖ ਉਤੇ ਸਿਪਾਹੀ ਪੂਰਾ ਭਾਰ ਪਾ ਕੇ ਉਸ ਨੂੰ ਲਿਤਾੜ ਰਹੇ ਸਨ। ਇਕ ਪੁਲਸੀਆ ਉਸ ਨੂੰ ਧੌਣ ਵਿਚ ਹੁੱਜਾਂ ਮਾਰ ਰਿਹਾ ਸੀ। ਅੰਗਰੇਜ਼ ਕਮਾਂਡਰ ਇਹ ਸਭ ਕੁਝ ਵੇਖਦਾ ਰਿਹਾ ਤੇ ਉਸ ਨੇ ਅਜਿਹਾ ਕਰਨ ਤੋਂ ਸਿਪਾਹੀਆਂ ਨੂੰ ਬਿਲਕੁਲ ਨਾ ਰੋਕਿਆ।" ਅਗੇ ਪਾਦਰੀ ਸਾਹਿਬ ਲਿਖਦੇ ਹਨ, "ਮੈਂ ਜੋ ਕੁਝ ਵੇਖਿਆ ਸੀ ਅਗਲੇ ਦਿਨ ਗਵਰਨਰ ਤੇ ਹੋਰ ਅਫਸਰਾਂ ਨੂੰ ਦਸ ਦਿੱਤਾ।" ਪਾਦਰੀ ਐਂਡਰੂਜ਼ ਦੇ ਛਪੇ ਲੇਖਾਂ ਤੇ ਗਵਰਨਰ ਨਾਲ ਹੋਈ ਗੱਲਬਾਤ ਦਾ ਨਤੀਜਾ ਇਹ ਹੋਇਆ ਕਿ ਕੁਝ ਚਿਰ ਲਈ ਇਹ ਗਿਦੜ-ਕੁੱਟ ਆਰਜ਼ੀ ਤੌਰ ਤੇ ਬੰਦ ਹੋ ਗਈ।

੫. ਕੁਲ ਹਿੰਦ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ ੨੭ ਸਤੰਬਰ ੧੯੨੨ ਦੇ ਮਤੇ ਅਨੁਸਾਰ ਇੱਕ ਪੜਤਾਲੀਆ ਕਮੇਟੀ ਥਾਪੀ ਗਈ, ਜੋ ਮੌਕੇ ਤੇ ਜਾ ਕੇ ਗੁਰੂ ਕੇ ਬਾਗ ਦੇ ਮੋਰਚੇ ਬਾਰੇ ਰੀਪੋਰਟ ਦੇਵੇ। ਉਸ ਦੇ ਮੈਂਬਰ ਸਨ—ਐਸ. ਸ੍ਰੀ ਨਿਵਾਸ ਆਇੰਗਰ ਐਕਸ ਐਡਵੋਕੇਟ ਜਨਰਲ ਮਦਰਾਸ (ਪ੍ਰਧਾਨ), ਜੇ. ਐਮ. ਸੇਨ ਗੁਪਤਾ ਬੈਰਿਸਟਰ ਕਲਕੱਤਾ, ਐਸ. ਈ. ਸਟੋਕਸ, ਕੋਟ ਗੜ੍ਹ ਸ਼ਿਮਲਾ; ਮੁਹੰਮਦ ਤਕੀ ਵਕੀਲ ਹਾਈ ਕੋਰਟ ਦਿੱਲੀ, ਐਮ. ਵੀ. ਅਭਿਅੰਕਰ, ਬੈਰਿਸਟਰ ਨਾਗਪੁਰ ਤੇ ਪ੍ਰੋ: ਰੁਚੀ ਰਾਮ ਸਾਹਨੀ (ਸੈਕਟਰੀ)।

ਗੁਰੂ ਕੇ ਬਾਗ ਦੇ ਮੋਰਚੇ ਬਾਰੇ ਦੇਸ਼ ਦੇ ਕੁਝ ਕੁ ਪ੍ਰਸਿੱਧ ਪੱਤਰਕਾਰਾਂ ਦੇ ਬਿਆਨ ਇਸ ਤਰ੍ਹਾਂ ਸਨ—

(ੳ) "ਮਾਰ ਕੁਟਾਈ ਬਹੁਤ ਜ਼ਾਲਮਾਨਾ ਸੀ। ਪੁਲੀਸ ਅਕਾਲੀਆਂ ਨੂੰ ਸੜਕ ਤੋਂ ਫੜ ਕੇ ਧੂਹ ਕੇ ਰੜੇ



www.AKJ.Org

ਸੁਟਦੀ ਸੀ, ਜਿਥੇ ਰੋੜ ਤੇ ਕੱਚ ਦੇ ਟੁਕੜੇ ਪਏ ਹੋਏ ਸਨ ..... ਮੇਰੀ ਠੋਸ ਰਾਏ ਹੈ ਕਿ ਅਕਾਲੀਆਂ ਦਾ ਵਤੀਰਾ ਅਮਨ ਭੰਗ ਕਰਨ ਵਾਲਾ ਨਹੀਂ ਸੀ। ਪੁਲੀਸ ਦਾ ਵਤੀਰਾ ਭੜਕਾਊ ਤੇ ਅਮਨ ਭੰਗ ਕਰਨ ਵਾਲਾ ਸੀ।...... ਮੈਂ ਪੁਲੀਸ ਨੂੰ ਗੁਪਤ ਅੰਗਾਂ ਤੇ ਲਾਠੀਆਂ ਮਾਰਦਿਆਂ ਵੇਖਿਆ ਸੀ।''

(ਜੀ.ਏ. ਸੁੰਦਰ, ਸਹਾਇਕ ਐਡੀਟਰ, ਇੰਡੀਪੈਂਡੈਂਟ, ਅਲਾਹਾਬਾਦ)

(ਅ) ''.. ...ਲਾਠੀਆਂ ਦੋਹਾਂ ਹੱਥਾਂ ਨਾਲ ਮਾਰਦੇ ਸਨ, ਕਈਆਂ ਨੂੰ ਠੁੱਡੇ ਮਾਰਦੇ ਸਨ। ਕਈਆਂ ਨੂੰ ਕੇਸਾਂ ਤੋਂ ਫੜ ਕੇ ਧੂੰਹਦੇ ਸਨ।'' (ਆਨੰਦ ਨਰਾਇਣ, ਸਹਾਇਕ ਐਡੀਟਰ ਟ੍ਰਿਬਿਊਨ ਲਾਹੌਰ)

(ੲ) '' ...ਮੈਂ ਦੋ ਵਾਰ ਪੁਲਸੀਏ ਅਕਾਲੀਆਂ ਦੇ ਸਰੀਰਾਂ ਉਤੇ ਚੜ੍ਹ ਕੇ ਨੱਚਦੇ ਵੇਖੇ। ਇਕ ਨੇ ਅਕਾਲੀ ਦੀ ਧੌਣ ਤੇ ਲੱਤ ਰੱਖੀ ਹਈ ਸੀ। ਇਕ ਹੋਰ ਪੁਲਸੀਏ ਨੂੰ ਮੈਂ ਇਕ ਅਕਾਲੀ ਦੀ ਧੌਣ ਮਰੋੜਦੇ ਹੋਇਆਂ ਵੇਖਿਆ। ਬੀ.ਟੀ. ਅੱਖਾਂ ਦੇ ਲਾਗੇ ਕਰਕੇ ਡਾਂਗਾਂ ਮਾਰਦਾ ਸੀ।'' (ਮਹਾਸ਼ਾ ਕ੍ਰਿਸ਼ਨ, ਐਡੀਟਰ ਪਰਤਾਪ, ਲਾਹੌਰ)

**ਗੁਰੂ ਕਾ ਬਾਗ ਇੰਗਲੈਂਡ ਤੇ ਅਮਰੀਕਾ ਚਿ–**

ਸਰਕਾਰ ਨੇ ਪ੍ਰਬੰਧ ਕੀਤਾ ਹੋਇਆ ਸੀ ਕਿ ਅਕਾਲੀ ਲਹਿਰ ਬਾਰੇ ਕੋਈ ਖ਼ਬਰ ਫੌਜਾਂ ਵਿਚ ਨਾ ਜਾਏ। ਗੁਰੂ ਕੇ ਬਾਗ ਦੀ ਮਾਰ-ਕੁੱਟ ਦੀਆਂ ਤਸਵੀਰਾਂ ਵੀ ਫੌਜਾਂ ਵਿਚ ਭੇਜਣ ਤੇ ਪਾਬੰਦੀ ਲਾਈ ਹੋਈ ਸੀ। ਪਰ ਅੰਮ੍ਰਿਤਸਰ ਦੇ ਇੱਕ ਫ਼ੋਟੋ ਗ੍ਰਾਫ਼ਰ ''ਮਾਸਟਰ ਬ੍ਰਦਰਜ਼'' ਨੇ ਕੈਨਾਨੌਰ ਦੀ ੩-੧੧ਵੀਂ ਸਿੱਖ ਰਜਮਿੰਟ ਦੇ ਇਕ ਲਾਂਗਰੀ ਨੂੰ ਡਾਕ ਰਾਹੀਂ ਕੁਝ ਫੋਟੋ ਭੇਜ ਦਿਤੀਆਂ। ਪਰ ਇਹ ਮਾਰ-ਕੁੱਟ ਵਾਲੀਆਂ ਫੋਟੋ ਫੜ ਲਈਆਂ ਗਈਆਂ। ਫੌਜੀ ਅਫਸਰਾਂ ਨੇ ਆਪਣੇ ਹੈੱਡ ਕੁਆਟਰ ਨੂੰ ਇਹ ਤਸਵੀਰਾਂ ਭੇਜਣ ਤੇ ਵੰਡਣ ਉਤੇ ਰੋਕ ਲਾਉਣ ਲਈ ਤੇ ''ਮਾਸਟਰ ਬ੍ਰਦਰਜ਼'' ਵਿਰੁੱਧ ਕਾਰਵਾਈ ਕਰਨ ਲਈ ਲਿਖਿਆ।

ਗੁਰੂ ਕੇ ਬਾਗ ਦੇ ਮੋਰਚੇ ਸਮੇਂ ਮਾਰ-ਕੁੱਟ ਦੇ ਦੌਰਾਨ ਪੰਜਾਬ ਵਿਚ ਮਾਨਚੈਸਟਰ ਗਾਰਡੀਅਨ, ਲੰਡਨ ਟਾਈਮਜ਼, ਨੈਸ਼ਨਲ ਹੈਰਾਲਡ ਆਦਿ ਦੇ ਪੱਤਰਕਾਰ ਮੌਜੂਦ ਸਨ। ਭਾਵੇਂ ਉਹ ਸਰਕਾਰੀ ਪਾਲਿਸੀ ਦੀ ਹਮਾਇਤ ਹੀ ਕਰਦੇ ਸਨ, ਪਰ ਕਈ ਸੱਚੀਆਂ ਗੱਲਾਂ ਉਹ ਵੀ ਨਾ ਛੁਪਾ ਸਕੇ। ਗਾਰਡੀਅਨ ਦੇ ਪੱਤਰਕਾਰ ਨੇ ਅਖਬਾਰ ਨੂੰ ਲਿਖਿਆ–''..ਮੈਨੂੰ ਅਫਸੋਸ ਨਾਲ ਇਸ ਸਿੱਟੇ ਤੇ ਪੁੱਜਣਾ ਪੈਂਦਾ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਸਾਡੇ ਲਈ ਜੋ ਬਚੀ-ਖੁਚੀ ਹਮਦਰਦੀ ਸੀ, ਉਹ ਵੀ ਹੌਲੀ ਹੌਲੀ ਘੱਟ ਰਹੀ ਹੈ। ਸੰਸਾਰ ਵਿਚ ਕੋਈ ਐਸੀ ਕੌਮ ਨਹੀਂ ਜੋ ਦੇਸ਼-ਵਾਸੀਆਂ ਨੂੰ ਰੋਜ਼ਾਨਾ ਬਦੇਸ਼ੀ ਸਰਕਾਰ ਦੇ ਹੱਥ-ਠੋਕਿਆਂ ਪਾਸੋਂ ਮਾਰ ਖਾਂਦੀ ਵੇਖਦੀ ਰਹੇ ਤੇ ਫੇਰ ਵੀ ਚੁਪ-ਚਾਪ ਮਾਰਨ ਵਾਲੇ ਨੂੰ ਅਸੀਸਾਂ ਦੇਵੇ।'' ''......ਮੁਸੀਬਤ ਇਹ ਹੈ ਕਿ ਹਾਕਮਾਂ ਨੇ ਆਪਣੇ ਸੰਬੰਧੀ ਬੇ-ਭਰੋਸਗੀ ਪੈਦਾ ਕਰ ਲਈ ਹੈ। ਲੋਕ ਹੁਣ ਹਾਕਮਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਉਹ ਹੁਣ ਹਾਕਮਾਂ ਦੀਆਂ ਨਸੀਹਤਾਂ ਨਹੀਂ ਸੁਣਦੇ।''

ਨੈਸ਼ਨਲ ਹੈਰਾਲਡ ਨੇ ਲਿਖਿਆ, ''ਸਰਕਾਰ ਖ਼ਾਹ-ਮਖ਼ਾਹ ਇਕ ਧਿਰ ਦੀ ਹਮਾਇਤ ਕਰ ਕੇ ਆਪਣੇ ਵਾਸਤੇ ਵੱਡੀਆਂ ਔਕੜਾਂ ਪੈਦਾ ਕਰ ਰਹੀ ਹੈ। ਫਲਸਰੂਪ ਜਿਥੇ ਸਾਰੇ ਭਾਰਤ-ਵਰਸ਼ ਵਿਚ ਹਕੂਮਤ ਦੇ ਵਿਰੁਧ ਨਾਰਾਜ਼ਗੀ ਪੈਦਾ ਹੋ ਰਹੀ ਹੈ, ਉਥੇ ਅਕਾਲੀਆਂ ਲਈ ਹਿੰਦ-ਵਾਸੀਆਂ ਦੇ ਦਿਲਾਂ ਵਿਚ ਹਮਦਰਦੀ ਪੈਦਾ ਹੋ ਰਹੀ ਹੈ।''

ਲੰਡਨ ਦੇ ਭਾਰਤੀ ਅਖਬਾਰ ''ਹਿੰਦ'' ਨੇ ੨੭ ਅਕਤੂਬਰ ੧੯੨੨ ਦੇ ਪਰਚੇ ਵਿਚ ਲਿਖਿਆ, ''ਸਜ਼ਾ-ਹੋ-ਚੁਕੇ ਅਕਾਲੀਆਂ ਦੀ ਸਹੀ ਗਿਣਤੀ ਦਾ ਹਿਸਾਬ ਲਾਉਣਾ ਔਖਾ ਹੈ, ਕਿਉਂਕਿ ਇਕੋ ਹੀ ਆਦਮੀ ਇਕੋ ਹੀ ਜੁਰਮ ਵਿਚ ਦੋ-ਦੋ ਤਿੰਨ-ਤਿੰਨ ਵਾਰ ਕੈਦ ਹੋਏ ਹਨ।...ਕਈ ਵਾਰ ਬੇਹੋਸ਼ ਪਏ ਸਿੱਖਾਂ ਉਤੋਂ ਦੀ ਘੋੜੇ ਲੰਘਾਏ ਜਾਂਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਵਾਇਸਰਾਏ ਅਰਲ ਰੈਡਿੰਗ ਕਿਸ ਤਰ੍ਹਾਂ ਕਾਨੂੰਨ ਦੀ ਮਿੱਟੀ ਪੁੱਟ ਰਿਹਾ ਹੈ।... ਡੈਨਿੰਟ ਤੇ ਬੀ.ਟੀ. ਓਡਵਾਇਰ ਤੇ ਡਾਇਰ ਨੂੰ ਵੀ ਮਾਤ ਕਰ ਰਹੇ ਹਨ।''

ਗੁਰੂ ਕੇ ਬਾਗ ਵਿਚ ਹੋ ਰਹੇ ਜ਼ੁਲਮ ਦੀਆਂ ਖ਼ਬਰਾਂ ਅਮਰੀਕਾ ਵਿਚ ਵੀ ਪੁੱਜੀਆਂ। ਮਾਰ-ਕੁੱਟ ਦੇ ਦਿਨਾਂ


www.AKJ.Org

ਵਿਚ ਕੈਪਟਨ ਏ.ਐਲ. ਵਰਘੀਜ਼ ਅੰਮ੍ਰਿਤਸਰ ਆਇਆ ਹੋਇਆ ਸੀ। ਉਸ ਨੇ ਮਾਰ-ਕੁੱਟ ਬਾਰੇ ਫ਼ਿਲਮ ਲਈ ਤੇ ਅਮਰੀਕਾ ਵਿਚ ਜਾ ਕੇ ਅਮਰੀਕੀ ਲੋਕਾਂ ਨੂੰ ਵਿਖਾਈ। ਉਸ ਫ਼ਿਲਮ ਦਾ ਸਿਰਲੇਖ ਸੀ "ਮਨੁੱਖੀ ਇਤਿਹਾਸ ਵਿਚ ਅਨੋਖਾ ਸੰਘਰਸ਼"। ਇਹ ਤਸਵੀਰਾਂ ਵੇਖ ਕੇ ਅਮਰੀਕੀ ਲੋਕ ਅੰਗਰੇਜ਼ੀ ਰਾਜ ਦੇ ਅਤਿਆਚਾਰਾਂ ਨੂੰ ਵੇਖ ਕੇ ਹੈਰਾਨ ਤੇ ਦੁਖੀ ਹੁੰਦੇ ਸਨ। ਇਸ ਫਿਲਮ ਨੇ ਸਿੱਖਾਂ ਦੀ ਕੁਰਬਾਨੀ ਤੇ ਬਹਾਦਰੀ ਬਦਲੇ ਸਿੱਖਾਂ ਨਾਲ ਲੋਕਾਂ ਦੇ ਦਿਲਾਂ ਵਿਚ ਬੜੀ ਹਮਦਰਦੀ ਪੈਦਾ ਕੀਤੀ। ਸਿੱਟਾ ਇਹ ਹੋਇਆ ਕਿ ਹਿੰਦੁਸਤਾਨ ਦੇ ਅੰਗਰੇਜ਼ ਹਾਕਮ ਬੜੇ ਦੁਖੀ ਹੋਏ ਤੇ ਉਹਨਾਂ ਨੇ ਫ਼ਿਲਮ ਰਾਹੀਂ ਹੋਣ ਵਾਲਾ ਪ੍ਰਾਪੇਗੰਡਾ ਬੰਦ ਕਰਾਉਣ ਲਈ ਲੰਗਰ-ਲੰਗੋਟੇ ਕੱਸ ਲਏ।

**ਉਗਲਵੀ ਦਾ ਮਿਸ਼ਨ–**

ਗੁਰੂ ਕੇ ਬਾਗ ਦੇ ਮੋਰਚੇ ਦੌਰਾਨ ਹੋਏ ਜ਼ੁਲਮ-ਜਬਰ ਦਾ ਸਿੱਟਾ ਇਹ ਹੋਇਆ ਕਿ ਸਿੱਖ ਰਜਮਿੰਟਾਂ ਦੇ ਸਿਪਾਹੀ ਦੁਖੀ ਹੋਏ। ਬਹੁਤ ਸਾਰੇ ਫੌਜੀ ਸਿਪਾਹੀਆਂ ਨੇ ਅਕਾਲੀ ਲਹਿਰ ਨਾਲ ਸਹਾਨਭੂਤੀ ਪ੍ਰਗਟ ਕਰਦਿਆਂ ਹੋਇਆਂ ਕਾਲੀਆਂ ਦਸਤਾਰਾਂ ਸਜਾਈਆਂ ਤੇ ਕ੍ਰਿਪਾਨਾਂ ਪਾਈਆਂ। ਇਸ ਬਦਲੇ ਉਹਨਾਂ ਨੂੰ ਸਖਤ ਸਜ਼ਾਵਾਂ ਵੀ ਹੋਈਆਂ ਤੇ ਕਈਆਂ ਨੂੰ ਨੌਕਰੀ ਤੋਂ ਜੁਆਬ ਵੀ। ਸਿੱਖ ਫੌਜਾਂ ਵਿਚ ਵਧ ਰਹੇ ਅਕਾਲੀ ਅਸਰ ਨੂੰ ਰੋਕਣ ਲਈ ਗਵਰਨਰ ਪੰਜਾਬ ਨੇ ੬ ਨਵੰਬਰ ੧੯੨੨ ਨੂੰ ਫੌਜਾਂ ਵਿਚ ਦੌਰਾ ਕਰਨ ਲਈ ਮਿਸਟਰ ਉਗਲਵੀ ਨੂੰ ਨਿਯੁਕਤ ਕੀਤਾ। ਇਹ ਵਿਅਕਤੀ ੧੯੧੫ ਤੋਂ ਪੰਜਾਬ ਦੇ ਅੱਡ ਅੱਡ ਇਲਾਕਿਆਂ ਵਿਚ ਸਰਕਾਰੀ ਅਫਸਰ ਦੇ ਤੌਰ ਤੇ ਕੰਮ ਕਰ ਰਿਹਾ ਸੀ ਤੇ ਉਸ ਵੇਲੇ ਜ਼ਿਲਾ ਸ਼ਾਹਪੁਰ (ਹੁਣ ਪਾਕਿਸਤਾਨ) ਦਾ ਕਾਇਮ ਮੁਕਾਮ ਡਿਪਟੀ ਕਮਿਸ਼ਨਰ ਸੀ।

ਉਸ ਨੇ ੭ ਨਵੰਬਰ ਤੋਂ ੨੫ ਦਸੰਬਰ ੧੯੨੨ ਤੱਕ, ਭਾਵ ਇਕ ਮਹੀਨਾ ਤੇ ਵੀਹ ਦਿਨ ਫੌਜਾਂ ਦਾ ਦੌਰਾ ਕੀਤਾ। ਉਹ ਜਲੰਧਰ, ਅੰਬਾਲਾ, ਫਿਰੋਜ਼ਪੁਰ ਤੇ ਲਹੌਰ ਵਿਚ ਪ੨ਵੀਂ ਸਿੱਖ, ੨੩ਵੀਂ ਸਿੱਖ ਪਾਇਓਨੀਅਰਜ਼, ੨੧ਵੀਂ ਪੈਦਲ ਗਰੁਪ, ੨੮ਵੀਂ ਪੰਜਾਬੀ, ਤੀਜੀ ਸਕਿਨਰਜ਼ ਹੌਰਸ, ਹੋਡਸਨ ਹੌਰਸ ਅਤੇ ੮੯ਵੀਂ ਪੰਜਾਬੀ ਫੌਜਾਂ ਵਿਚ ਗਿਆ ਤੇ ਉਸ ਅੰਗਰੇਜ਼ ਤੇ ਹਿੰਦੁਸਤਾਨੀ ਅਫਸਰਾਂ ਨਾਲ ਮਸ਼ਵਰੇ ਕੀਤੇ।

ਉਸ ਦੇ ਦੌਰੇ ਦਾ ਸਭ ਤੋਂ ਵਡਾ ਨਤੀਜਾ ਇਹ ਸੀ, ਕਿ ਉਸ ਲਿਖਿਆ, 'ਮੈਂ ਯਕੀਨ ਨਹੀਂ ਕਰਦਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੌਜ ਨੂੰ ਵਰਗਲਾਉਣ ਦਾ ਕੋਈ ਵੀ ਯਤਨ ਕੀਤਾ ਹੈ।"

("ਅਕਾਲੀ ਮੋਰਚਿਆਂ ਦਾ ਇਤਿਹਾਸ" ਕ੍ਰਿਤ ਸੋਹਣ ਸਿੰਘ ਜੋਸ਼ ਦੇ ਧੰਨਵਾਦ ਸਹਿਤ)

---

# ਇਕਿ ਗਾਵਹਿ ਰਾਗ ਪਰੀਆ

ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥੧੭॥

[ਮਲਾਰ ਕੀ ਵਾਰ, ਪੰਨਾ ੧੨੮੫

ਇਕ ਅਜਿਹੇ ਰਾਗ-ਅਭਿਮਾਨੀ ਜਨ ਵੀ ਹਨ, ਜੋ ਪਰੀਆਂ ਅਪੱਛਰਾਂ ਵਾਲੇ ਰਾਗ ਗਾ ਗਾ ਕੇ ਲੋਕਾਂ ਨੂੰ ਰੀਝਾਉਂਦੇ ਹਨ। ਉਹ ਲੋਕਾਂ ਨੂੰ ਤਾਂ ਪਏ ਰੀਝਾਵਣ, ਅੰਤਰਜਾਮੀ ਵਾਹਿਗੁਰੂ ਸੱਚਾ, ਸਤਿਗੁਰੂ ਸੱਚਾ ਤੇ ਗੁਰੂ ਦੇ ਗੁਰਸਿਖ ਸੱਚੇ ਇਨ੍ਹਾਂ ਦੇ ਫੋਕੇ ਰਾਗਾਂ ਤੇ ਨਹੀਂ ਭਿਜਦੇ। ਭਿਜਦੇ ਹਨ ਤਾਂ ਕੱਚੀਆਂ ਬਾਣੀਆਂ ਦੇ ਸੁਣਨਹਾਰੇ ਨਿਰੇ ਰਾਗਾਂ ਦੇ ਸ਼ੁਕੀਨ ਹੀ ਭਿਜਦੇ ਹਨ। ਇਕ ਅਜਿਹੇ ਪਖੰਡੀ ਭੇਖੀ ਭੀ ਹਨ ਜੋ ਨਿਰੀ ਨਿਰਤਕਾਰੀ ਕਰ ਕੇ ਫੋਕੇ ਤਾਲ ਪੂਰਦੇ ਹਨ ਅਤੇ ਇਸੇ ਨਚਣ ਟਪਣ ਤੇ ਫੋਕੇ ਤਾਲ ਪੂਰਨ ਨੂੰ ਹੀ ਭਗਤੀ ਦਸਦੇ ਹਨ। ਪ੍ਰੰਤੂ ਗੁਰਮਤਿ ਅਨੁਸਾਰ ਇਹ ਭਗਤੀ ਨਹੀਂ ਹੈ। ਇਸ ਲਈ ਉਹ ਤੱਤ-ਭਗਤੀ ਨਹੀਂ ਕਰਦੇ, ਬਲਕਿ ਠਗ-ਭਗਤੀ ਕਰਦੇ ਹਨ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਗੌਰਵਤਾ', ਪੰਨਾ ੪੨੧



www.AKJ.Org

# ਬਿਪਤਾ ਸਮੇਂ ਸਿੱਖ ਕਰੈਕਟਰ

[ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ]

੧. **ਸਿੱਖਾਂ ਤੇ ਜ਼ੁਲਮ ਦੇ ਕੜ ਟੁਟ ਪਏ**—੧੭੧੬ ਵਿਚ ਬਾਬਾ ਬੰਦਾ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਸ਼ਹੀਦੀਆਂ ਪਿਛੋਂ ਫਰੁਖਸੀਅਰ ਮੁਗਲ ਬਾਦਸ਼ਾਹ ਦੇ ਸੂਬੇਦਾਰਾਂ, ਅਬਦੁਲ ਸਮੱਦ ਖਾਂ ਤੇ ਹੋਰਾਂ ਨੇ ੧੭੩੯ ਈਸਵੀ ਤੱਕ ਸਿੱਖਾਂ ਦਾ ਉਹ ਕਤਲਾਮ ਕੀਤਾ, ਜਿਵੇਂ ਇਹਨਾਂ ਦਾ ਖੁਰਾ ਖੋਜ ਹੀ ਮਿਟਾ ਦੇਣਾ ਹੁੰਦਾ ਹੈ।

੧੭੩੯ ਵਿਚ ਨਾਦਰ ਸ਼ਾਹ ਦੇ ਦਿੱਲੀ ਕਤਲਾਮ ਪਿਛੋਂ ਜਦੋਂ ਕਰੋੜਾਂ, ਖਰਬਾਂ ਦਾ ਮਾਲ ਤੇ ਕਈ ਸੈਂਕੜੇ, ਹਿੰਦੂ ਮੁਸਲਮਾਨ ਤੇ ਮਰਹੱਟਾ ਸੁੰਦਰੀਆਂ ਨੂੰ ਲੁੱਟ ਦੇ ਮਾਲ ਵਜੋਂ ਲੈ ਕੇ ਪੰਜਾਬ ਵਿਚੋਂ ਲੰਘ ਰਿਹਾ ਸੀ ਤਾਂ ਸਿੰਘਾਂ ਨੇ ਮਾਲ ਵੀ ਲੁਟਿਆ ਤੇ ਸੁੰਦਰੀਆਂ ਨੂੰ ਛੁਡਾ ਕੇ ਘਰੋ-ਘਰੀ ਪਹੁੰਚਾਇਆ। ਸਿੰਘਾਂ ਦੇ ਕਾਰਨਾਮੇ ਦੇਖ ਕੇ ਨਾਦਰ ਸ਼ਾਹ ਨੇ ਭਵਿੱਖ-ਬਾਣੀ ਕੀਤੀ ਤੇ ਯਾਹੀਆ ਖਾਂ ਨੂੰ ਤਾੜਨਾ ਕੀਤੀ—

ਤੇ ਇਹ ਮਾਰੇ ਨ ਮਰੇ, ਜੀਤ ਸਕੇ ਇਨ ਕੌਣ ?
ਕੁਛ ਦਿਨ ਕੋ ਸਿੰਘ ਹੋਇ ਹੈ, ਭੂਪਤ ਮੁਲਕ ਮਝਾਰ। (ਗਿਆਨੀ ਗਿਆਨ ਸਿੰਘ)

ਹਿੰਦੂ ਇੰਨੇ ਬੇ-ਅਣਖ ਤੇ ਡਰਾਕਲ ਹੋ ਚੁੱਕੇ ਸਨ ਕਿ ਆਪਣੇ ਸਾਹਮਣੇ ਕੁੜੀਆਂ ਦੀ ਬੇਪਤੀ ਹੁੰਦੀ ਦੇਖ ਕੇ ਸਾਹ ਤੱਕ ਨਹੀਂ ਸਨ ਲੈਂਦੇ। ਸਿੱਖਾਂ ਦੀ ਦਲੇਰੀ ਤੇ ਸੱਚੇ ਆਚਰਣ ਦੇ ਹਾਮੀ ਹੋ ਕੇ ਸਹਾਇਤਾ ਲਈ ਪੁਕਾਰਦੇ—

ਮੋੜੀਂ ਭਾਈ ਕੱਛ ਵਾਲਿਆ, ਸੋਹਣੀ ਗਈ ਬਸਰੇ।

ਪਠਾਣ ਧਾੜਵੀ ਸੋਹਣੀਆਂ ਸੁੰਦਰੀਆਂ ਨੂੰ ਇਰਾਕ ਦੇ ਸ਼ਹਿਰ ਬਸਰਾ ਤੇ ਬਗਦਾਦ ਦੀਆਂ ਮੰਡੀਆਂ ਵਿਚ ਅਮੀਰ ਸ਼ੇਖਾਂ ਤੇ ਖ਼ਵਾਜਿਆਂ ਕੋਲ ਵੇਚ ਦੇਂਦੇ ਸਨ। ਪਠਾਣਾਂ ਦੇ ਆਪਣੇ ਦੇਸ਼ ਕਾਬਲ, ਕੰਧਾਰ ਤੇ ਗਜ਼ਨੀ ਦੇ ਲੋਕ ਗਰੀਬ ਸਨ, ਤਦੇ ਧਨਵਾਨ ਇਰਾਕ ਦੇਸ਼ ਵਿਚ ਲਿਜਾ ਕੇ, ਲੋਕਾਂ ਦੇ ਸਾਹਮਣੇ ਸੁੰਦਰੀਆਂ ਨੂੰ ਖੜਾ ਕਰ ਕੇ ਬਾਕਾਇਦਾ ਨੀਲਾਮੀ ਕੀਤੀ ਜਾਂਦੀ ਸੀ।

੨. **ਸਿੱਖ ਚਰਿੱਤਰ**—੧. ਪਰਵਾਹ ਨਾਹੀ ਕਿਸੈ ਕੇਰੀ, ਬਾਝੁ ਸਚੇ ਨਾਹ ॥੨॥੨੦॥ (ਪੰਨਾ ੪੭੩)

੨. ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ ॥੨॥੨॥ (ਪੰਨਾ ੧੧੦੫)

੩. ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥੧॥੧੦॥ (ਪੰਨਾ ੧੪੨)

੪. ਨਿਸਚੈ ਕਰ ਆਪਨੀ ਜੀਤ ਕਰੋਂ ॥੨੩੧॥ (ਚੰਡੀ ਚਰਿਤ੍ਰ)

ਫਿਰ ਉਹ ਸਮਾਂ ਸੀ ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ੪੦-੪੦ ਰੁਪਏ ਪੈ ਰਿਹਾ ਸੀ। ਪਿੰਡਾਂ ਵਿਚੋਂ ਜ਼ਕਰੀਆ ਖ਼ਾਨ ਦੇ ਹੁਕਮ ਨਾਲ ਸਿੰਘਾਂ ਨੂੰ ਚੁਣ ਚੁਣ ਕੇ ਕਤਲ ਕੀਤਾ ਜਾਂਦਾ ਸੀ। ਰਤਨ ਸਿੰਘ ਭੰਗੂ ਅਨੁਸਾਰ :—

ਦੱਸਣ ਵਾਲੇ ਦਸ ਰੁਪਏ, ਮਾਰਨ ਵਾਲੇ ਪਚਾਸ।
ਯਹ ਲਾਲਚ ਤੁਰਕਨ ਦਯੋ, ਤਹ ਬਹੁਤ ਸਿੰਘਨ ਭਯੋ ਨਾਸ।੧੫੧।

ਸਿੰਘ ਘਰ-ਘਾਟ ਛੱਡ ਕੇ ਜੰਗਲਾਂ, ਪਰਬਤਾਂ ਤੇ ਰੇਤਲੇ ਥਲਾਂ ਵਿਚ ਭੁੱਖੇ-ਭਾਣੇ, ਨੰਗੇ ਪੋਹ-ਮਾਘ ਦੇ ਪਾਲੇ ਤੇ ਜੇਠ-ਹਾੜ ਦੀਆਂ ਧੁੱਪਾਂ ਸਹਿ ਰਹੇ ਸਨ। ਘੱਲੂਘਾਰੇ, ਉਜਾੜੇ, ਦੇਸ਼-ਨਿਕਾਲੇ, ਕਤਲਾਮਾਂ, ਤਸੀਹਿਆਂ, ਕੁਰਬਾਨੀਆਂ, ਸ਼ਹੀਦੀਆਂ ਨੂੰ ਸਿੰਘਾਂ ਨੇ ਖਿੜੇ-ਮੱਥੇ, ਗੁਰੂ ਸਦਕੇ ਝੱਲਿਆ। ਸਰਕਾਰ ਨੇ ਇਹਨਾਂ ਦਾ ਖੁਰਾ-ਖੋਜ ਮਿਟਾਉਣ ਲਈ ਅਤਿ ਚੁੱਕੀ ਹੋਈ ਸੀ। ਅਜਿਹੇ ਸਮੇਂ ਅੰਦਰ ਬਾਹੂ-ਬਲ ਤੇ ਗੁਰੂ-ਭਰੋਸੇ ਨੇ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ੧ ਮਈ ੧੭੪੬ ਨੂੰ ਛੋਟਾ ਘੱਲੂਘਾਰਾ ਕਾਹਨੂੰਵਾਨ ਦੇ ਛੰਭ ਵਿਚ ਵਾਪਰਿਆ। ਸਿੰਘਾਂ ਦੇ ਨਾਲ ਸਿੰਘਣੀਆਂ ਨੇ ਵੀ ਪੂਰਾ ਪੱਖ ਪੂਰਿਆ। ਉਹ ਲਾਗਲੇ ਪਿੰਡਾਂ ਵਿਚੋਂ ਸੂਹਾਂ ਲਿਆ ਦਿੰਦੀਆਂ ਰਹਿੰਦੀਆਂ ਸਨ। ਛੰਭ ਨੂੰ ਚਹੁੰਆਂ ਪਾਸਿਆਂ ਤੋਂ ਮੁਗਲ, ਪਠਾਣ ਤੇ ਪਹਾੜੀ ਰਾਜਿਆਂ



www.AKJ.Org

ਦੀਆਂ ਫੌਜਾਂ ਨੇ ਘੇਰ ਲਿਆ। ਸਿੰਘਾਂ ਨੇ ਮੁਕਾਬਲਾ ਕੀਤਾ। ਇਸ ਘੱਲੂਘਾਰੇ ਵਿਚ ੮੦੦੦ (ਅੱਠ ਹਜ਼ਾਰ) ਸਿੰਘ ਸਿੰਘਣੀਆਂ (ਸਮੇਤ ਭੁਝੰਗੀਆਂ ਦੇ) ਸ਼ਹੀਦ ਹੋਈਆਂ।

**੩. ਮੰਨੂ ਦੇ ਕਹਿਰ**—ਉਪਰੰਤ ਮੰਨੂ ਦੇ ਕਹਿਰ ਦਾ ਦੌਰ ਆਰੰਭ ਹੋਇਆ। ਇਹ ਸਿੱਖ ਕੌਮ ਹੀ ਸੀ ਜਿਸ ਨੇ ਗੁਰੂ ਜੀ ਦੇ ਅੰਮ੍ਰਿਤ ਸਦਕਾ ਉਹ ਕਰਣੀਆਂ, ਕਮਾਈਆਂ; ਕੁਰਬਾਨੀਆਂ, ਕਾਰਨਾਮੇ ਕੀਤੇ ਕਿ ਕੇਵਲ ਜ਼ੁਲਮ ਦਾ ਨਾਸ਼ ਹੀ ਨਹੀਂ ਕੀਤਾ, ਸਗੋਂ ਜ਼ਾਲਮਾਂ ਦੇ ਰਾਜ-ਭਾਗ ਦੇ ਮਹਿਲਾਂ ਦੇ ਖੋਲੇ ਬਣਾਏ, ਢਹਿ-ਢੇਰੀ ਕੀਤਾ ਤੇ ਉਪਰ ਸਿੱਖ ਰਾਜ ਦੇ ਮਹਿਲ ਉਸਾਰੇ। ਅਸੀਂ ਨਿੱਤ ਪੜ੍ਹਦੇ ਹਾਂ—

ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥੧॥੨੩॥ (ਵਾਰ ਮਾਰੂ ਡਖਣੇ-੧੧੦੨)

ਅਤੇ— ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥ (ਪੰਨਾ ੫੭੯-੮੦)

ਹੋਰ ਦੇਖੋ—ਜਿਨ੍ਹਾਂ ਸਿੰਘ-ਸਿੰਘਣੀਆਂ ਤੇ ਭੁਝੰਗੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹਾਏ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚੀਰੇ ਗਏ, ਖੂਹਾਂ, ਟੋਭਿਆਂ, ਨਦੀਆਂ ਵਿਚ ਡੋਬੇ ਗਏ, ਜਿਨ੍ਹਾਂ ਦੇ ਪਿੱਛੇ ਕੁੱਤੇ ਲਾ ਕੇ ਘੋੜ-ਸਵਾਰਾਂ ਨੇ ਨੇਜਿਆਂ, ਤਲਵਾਰਾਂ ਨਾਲ ਸ਼ਿਕਾਰ ਖੇਡੇ, ਤੱਤੀਆਂ ਰੇਤਾਂ ਸਿਰ ਵਿਚ ਪਾਈਆਂ ਗਈਆਂ, ਤੱਤੀਆਂ ਤਵੀਆਂ ਤੇ ਬੈਠਾਏ ਗਏ, ਜੀਉਂਦੇ ਸਾੜੇ ਗਏ, ਜੀਉਂਦੇ ਨੀਂਹਾਂ ਵਿਚ ਚਿਣੇ ਗਏ, ਜਿਨ੍ਹਾਂ ਨੂੰ ਧਰਤੀ ਵਿਚ ਗੱਡ ਕੇ ਗੁੜ, ਦਹੀਂ ਦਾ ਲੇਪਣ ਕਰ ਕੇ ਕੁੱਤੇ ਛੱਡੇ ਗਏ, ਸਰੀਰ ਤੇ ਲੋਗੜ ਬੰਨ੍ਹ ਕੇ, ਮਿੱਟੀ ਦਾ ਤੇਲ ਪਾ ਕੇ, ਜੀਉਂਦੇ ਸਾੜੇ ਗਏ, ਤਿਨ੍ਹਾਂ ਦੀਆਂ ਕਮਾਈਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ। ਜਿਨ੍ਹਾਂ ਸਿੰਘਣੀਆਂ ਨੇ ਮੰਨੂ ਦੀਆਂ ਜੇਲ੍ਹਾਂ ਵਿਚ ਸਵਾ ਸਵਾ ਮਣ ਦੇ ਪੀਹਣ ਪੀਠੇ, ਖੰਨੀ ਖੰਨੀ ਤੇ ਗੁਜ਼ਾਰਾ ਕੀਤਾ, ਟੋਟੇ ਟੋਟੇ ਕਰਵਾ ਕੇ ਬੱਚੇ ਝੋਲੀਆਂ ਵਿਚ ਪੁਆਏ, ਫਿਰ ਵੀ ਸ਼ੁਕਰ ਕੀਤਾ, ਭਾਣਾ ਮੰਨਿਆ, ਸਿੱਖੀ ਕੇਸਾਂ-ਸੁਆਸਾਂ ਸੰਗ ਨਿਭਾਈ, ਧਰਮ ਨਹੀਂ ਹਾਰਿਆ। ਸ਼ਾਮ ਨੂੰ ਰਹਿਰਾਸ ਸਮੇਂ ਹੱਥ ਜੋੜ, ਖੜੇ ਹੋ ਕੇ ਅਰਦਾਸ ਕੀਤੀ—

"ਚਾਰ ਪਹਿਰ ਤੇਰੇ ਭਾਣੇ ਅੰਦਰ ਸੁਖ ਦੇ ਬਤੀਤ ਹੋਏ, ਚਾਰ ਪਹਿਰ ਆਪ ਦੇ ਭਾਣੇ ਅੰਦਰ ਸਿਮਰਨ ਵਿਚ ਬਤੀਤ ਕਰਾਈਂ।" ਇਹ ਸੁਣ ਕੇ ਜ਼ਾਲਮ ਹੈਰਾਨ ਪਰੇਸ਼ਾਨ ਹੋ ਜਾਂਦੇ।

**੪. ਸਿੱਖ ਆਚਰਣ**—ਮੀਰ ਮੰਨੂ ਦੇ ਕਤਲਾਮਾਂ ਨੇ ਪਹਿਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਪਰ ਸਿੱਖ ਕਰੈਕਟਰ ਨੇ ਇਕ ਸਾਂਝੇ ਭਾਈਚਾਰੇ ਦਾ ਨਿਕਾਸ ਤੇ ਵਿਕਾਸ ਕੀਤਾ—

ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥੧੫॥੮੫॥ (ਅਕਾਲ ਉਸਤਤਿ)

ਆਮ ਜਨਤਾ ਨੂੰ ਭਰੋਸਾ ਸੀ ਕਿ ਸਿੱਖ ਆਚਰਣ ਬਹੁਤ ਉਚਾ, ਸੱਚਾ-ਸੁੱਚਾ ਹੈ। ਸਿੰਘਾਂ ਦੀ ਕਥਨੀ ਕਰਣੀ ਸਦਕਾ, ਆਮ ਹਿੰਦੂ-ਮੁਸਲਮਾਨ ਉਹਨਾਂ ਨੂੰ ਆਪਣੇ ਰਖਿਅਕ ਤੇ ਇੱਜ਼ਤ ਦੇ ਭਾਈਵਾਲ ਸਮਝਦੇ ਸਨ। ਆਮ ਬੰਦੇ ਨੂੰ ਸਿੱਖ ਨੂੰ ਦੇਖ ਕੇ ਹੀ ਨਿਸ਼ਚਾ ਹੋ ਜਾਂਦਾ ਕਿ ਇਹ ਗ਼ਰੀਬ ਦਾ ਰਖਸ਼ਕ ਤੇ ਜਰਵਾਣੇ ਦਾ ਭਖਸ਼ਕ ਹੈ। ਇਹ ਧਰਮੀਆਂ ਦੀ ਕੌਮ ਹਰ ਕਤਲਾਮ ਤੇ ਘੱਲੂਘਾਰੇ ਉਪਰੰਤ ਸ਼ਕਤੀ-ਪਰਚੰਡ ਹੋ ਕੇ ਉਭਰੀ ਤੇ ਉਸਰੀ ਅਤੇ ਆਪੋ ਵਿਚ ਇਹਨਾਂ ਦੇ ਦਿਲਾਂ ਦੀ ਧੜਕਣ ਇਕ ਸੀ।

**੫. ਬਿਪਤਾ ਵਿਚ ਸਿੱਖੀ ਜਜ਼ਬਾ**—ਮੰਨੂ ਦੇ ਜਬਰਾਂ ਤੇ ਸਿੱਖਾਂ ਦੇ ਸਬਰਾਂ ਦਾ ਨਿਰਨਾ ਕਰੋ—

ਮੰਨੂ ਅਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ। ਜਿਉਂ ਜਿਉਂ ਮੰਨੂ ਵਢਦਾ, ਅਸੀਂ ਦੂਣ ਸਵਾਏ ਹੋਏ।

ਇਹ ਹੈ ਸੁਭਾਵਕ, ਈਸ਼ਵਰੀ ਸਿੱਖੀ ਸਪਿਰਟ, ਕੁਰਬਾਨੀ ਦਾ ਜਜ਼ਬਾ, ਸ਼ਹੀਦੀ ਦਾ ਚਾਉ, ਅੰਮ੍ਰਿਤ ਦੀ ਬਰਕਤ, ਸਰਬੰਸਦਾਨੀ ਦਾ ਥਾਪੜਾ, ਜਿਸ ਨੇ ਸਿੰਘਾਂ ਦੇ ਕਤਲਾਮਾਂ; ਘੱਲੂਘਾਰਿਆਂ ਦੇ ਬਾਵਜੂਦ ਇਹਨਾਂ ਨੂੰ ਦੂਣ-ਸਵਾਏ ਵਧਣ ਦਾ ਵਰ ਦਿੱਤਾ। ਇਹ ਸਿੱਖੀ ਟੀਚਾ ਹੈ, ਨਿਸ਼ਾਨਾ ਹੈ, ਮੰਜ਼ਿਲ ਹੈ—

ਸਿਖਨ ਕਾਜ ਸੁ ਗੁਰੂ ਹਮਾਰੇ। ਸੀਸ ਦੀਓ ਨਿਜ ਸਨ ਪਰਵਾਰੇ ॥੨੭॥
ਹਮ ਕਾਰਨ ਗੁਰ ਕੁਲਹਿ ਗਵਾਈ। ਹਮ ਕੁਲ ਰਾਖੇ ਕੌਣ ਬਡਾਈ ॥੨੮॥



www.AKJ.Org

ਸਿੱਖਾਂ ਦੀ ਕਮਾਈਆਂ ਪਹਾੜਾਂ ਨੂੰ ਸਰ ਕਰਦੀਆਂ ਸਨ, ਪਰ ਇਹਨਾਂ ਦੇ ਵਸੀਲੇ ਨਾ ਹੋਣ ਦੇ ਬਰਾਬਰ ਸਨ। ਇਹ ਸਿੰਘ ਸੂਰਮੇ ਤਸੀਹਿਆਂ, ਜ਼ੁਲਮਾਂ, ਕਤਲਾਂ ਨੂੰ ਗੁਰੂ ਪਾਤਸ਼ਾਹ ਦੀਆਂ ਦਾਤਾਂ ਸਮਝ ਕੇ ਮਾਣਦੇ ਸਨ।

ਉਸ ਬਿਖੜੇ ਸਮੇਂ ਦੇ ਸਾਰੇ ਵਾਤਾਵਰਨ ਵਿਚ ਸਿੱਖ ਜੁਆਨਾਂ ਦੀ ਮੋਹਰ ਤੇ ਪਹਿਲ ਹੁੰਦੀ ਸੀ। ਸਿੱਖਾਂ ਦੇ ੬੫ ਜਥਿਆਂ ਨੂੰ ਮਿਲਾ ਕੇ ੨੫ ਜਥੇ ਕਾਇਮ ਕੀਤੇ ਗਏ। ਨੌਜੁਆਨਾਂ ਤੇ ਭੁਝੰਗੀਆਂ ਅਤੇ ਨੌਜੁਆਨ ਮਰਜੀਵੜਿਆਂ ਸਿੰਘਣੀਆਂ ਦਾ ਜੁਦਾ ਦਲ ਕਾਇਮ ਕੀਤਾ ਗਿਆ। ੩੫ ਸਾਲ ਦੇ ਗੱਭਰੂਆਂ ਦਾ ਤਰਨਾ ਦਲ ਬਣਿਆ, ਵਡੇਰਿਆਂ ਦਾ ਬੁਢਾ ਦਲ। ਤਰਨਾ ਦਲ ਦੀਆਂ ਜ਼ਿੰਮੇਵਾਰੀਆਂ ਸਿੰਘਾਂ ਦੇ ਮਾਲ, ਜਾਇਦਾਦ, ਇੱਜ਼ਤ-ਆਬਰੂ ਤੇ ਵਕਾਰ ਅਤੇ ਧਰਮ ਤੇ ਧਰਮ-ਅਸਥਾਨਾਂ ਦੀ ਪਵਿੱਤ੍ਰਤਾ ਬਰਕਰਾਰ ਰੱਖਣਾ ਸੀ, ਜੋ ਤਰਨਾ ਦਲ ਨੇ ਆਪਣੀਆਂ ਜਾਨਾਂ ਤੱਕ ਵਾਰ ਕੇ ਭਲੀ-ਭਾਂਤ ਨਿਭਾਈ। ਬੁਢਾ ਦਲ ਤਰਨਾ ਦਲ ਦੇ ਕਾਰਨਾਮਿਆਂ ਦੀ ਨਿਗਰਾਨੀ ਕਰਦਾ ਸੀ, ਤਰਨਾ ਦਲ ਨੂੰ ਸਲਾਹ ਦੇਣਾ, ਅਗਵਾਈ ਕਰਨਾ ਤੇ ਸਫ਼ਲਤਾ ਲਈ ਹਦਾਇਤਾਂ ਜਾਰੀ ਕਰਨਾ ਸੀ। ਸਭ ਨੇ ਆਪਣੇ ਫ਼ਰਜ਼ਾਂ ਨੂੰ ਅਤਿਅੰਤ ਚਾਉ ਤੇ ਦ੍ਰਿੜ੍ਹਤਾ ਨਾਲ ਨਿਭਾਇਆ।

> "ਮੁੰਡੇ ਵੱਡਿਆਂ ਦਾ ਅਤੀ ਸਤਿਕਾਰ ਕਰਦੇ ਸਨ, ਆਪ-ਮੁਹਾਰੇ ਨਹੀਂ ਸਨ ਚੱਲਦੇ। ਲੰਗਰਾਂ ਵਿਚ ਵੀ ਵੱਡਿਆਂ ਨੂੰ ਪ੍ਰਸ਼ਾਦ ਛਕਾ ਕੇ, ਪਿਛੋਂ ਆਪ ਛਕਦੇ। ਮੁਗ਼ਲਾਂ ਦੀਆਂ ਜੇਲ੍ਹਾਂ ਵਿਚ ਵੱਡਿਆਂ ਦੀ ਵਡਿਆਈ ਦਾ ਆਦਰ ਕਰਦੇ।"

ਨਤੀਜਾ ਸਪੱਸ਼ਟ ਹੈ—ਮਿਸਲਾਂ ਦਾ ਰਾਜ ਪੱਕਾ ਹੋ ਗਿਆ। ਅਹਿਮਦ ਸ਼ਾਹ ਨੇ ਅੱਠ ਹਮਲੇ ਕੀਤੇ। ਸਿੱਖਾਂ ਨੇ ਡਟ ਕੇ ਮੁਕਾਬਲੇ ਕੀਤੇ ਅਤੇ ਹਰ ਹਮਲੇ ਉਪਰੰਤ ਪਹਿਲਾਂ ਨਾਲੋਂ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਸਾਬਤ ਹੋਏ। ੫ ਫ਼ਰਵਰੀ ੧੭੬੨ ਵਿਚ ਵੱਡੇ ਘੱਲੂਘਾਰੇ ਵਿਚ ੩੦ ਹਜ਼ਾਰ ਸ਼ਹੀਦੀਆਂ ਉਪਰੰਤ ਵੀ ਸਿੰਘਾਂ ਨੇ ਗੱਭਰੂ, ਜੁਝਾਰੂ ਤੇ ਖਾੜਕੂਆਂ ਦੀ ਸਹਾਇਤਾ ਨਾਲ ਪੰਜਾਬ ਵਿਚ ਸਿੱਖ ਹਕੂਮਤ ਦੀ ਸਥਾਪਨਾ ਸੰਭਵ ਬਣਾ ਦਿੱਤੀ। ਇਹ ਸਭ ਕਿਵੇਂ ਹੋਇਆ :—

੧. ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਪੰਨਾ ੧੪੧੨

੨. ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ; ਪੂਰਨੁ ਪਰਮਾਨੰਦੁ ॥੨੨॥ (੧੩੬੫)

੩. ਮਰਣੁ ਨ ਮੰਦਾ ਲੋਕਾ ਆਖੀਐ, ਜੇ ਮਰਿ ਜਾਣੈ ਐਸਾ ਕੋਇ ॥੨॥ (ਵਡਹੰਸ ਮ: ੧—੫੭੯)

ਇਹ ਸਿੰਘ ਦੂਲੇ, ਅੰਮ੍ਰਿਤ ਦੇ ਮਤਵਾਲੇ, ਮੌਤ ਨੂੰ ਇਉਂ ਵੰਗਾਰਦੇ ਹਨ—

'ਚੜ੍ਹਾਈ ਕਰਨਾ, ਅਕਾਲ ਚਲਾਣਾ ਕਰਨਾ, ਮੌਤ ਲਾੜੀ ਨਾਲ ਫੇਰੇ ਲੈਣੇ, ਪ੍ਰਭੂ ਨੂੰ ਪਿਆਰੇ ਹੋਣਾ, ਸਵਾਸ ਪੂਰੇ ਕਰਨਾ, ਪੂਰਾ ਹੋਣਾ, ਜੀਵਨ ਯਾਤਰਾ ਸਫ਼ਲ ਕਰਨਾ, ਦਸਮੇਸ਼ ਦੀ ਗੋਦ ਵਿਚ ਬਿਰਾਜਣਾ, ਸੱਚ-ਖੰਡ ਵਾਸਾ ਕਰਨਾ, ਪ੍ਰਭੂ ਚਰਨਾਂ ਵਿਚ ਨਿਵਾਸ ਕਰਨਾ, ਲਿਵਲੀਨ ਹੋਣਾ, ਪ੍ਰਲੋਕ ਪਧਾਰਨਾ, ਚਰਨ ਕੰਵਲਾਂ ਨਾਲ ਪ੍ਰੀਤ ਕਰਨਾ, ਨਿਜ ਘਰ ਪੁੱਜਣਾ ਤੇ ਜੋਤੀ ਜੋਤ ਸਮਾਉਣਾ।'

ਨੌਜੁਆਨਾਂ ਨੂੰ ਇਹ ਅਵੱਸਥਾ ਪ੍ਰਾਪਤ ਕਿਵੇਂ ਹੋਈ ? ਇਹ ਅੰਮ੍ਰਿਤ ਦੀ ਸੱਚੀ ਸੁੱਚੀ ਗੁੜ੍ਹਤੀ ਦੀ ਕਸਵੱਟੀ ਸੀ। ਇਹ ਗੁਰਬਾਣੀ ਦਾ ਕਰਾਮਾਤੀ ਚਮਤਕਾਰ ਸੀ।

ਅੱਜ ਅਸੀਂ ਗੁਰਬਾਣੀ ਤੇ ਗੁਰੂ-ਮਾਰਗ ਤੋਂ ਭਟਕ ਕੇ ਸੱਟਾਂ ਖਾਂਦੇ ਪਏ ਹਾਂ। ਮਾਇਆ ਤੇ ਕੁਰਸੀ ਦੀ ਹਵਸ ਅਤੇ ਆਪੋ-ਧਾਪੀ ਨੇ ਉਪਰ ਬਿਆਨਿਆ ਜੈਜ਼ਬਾ, ਵਲਵਲਾ, ਰੀਝ ਤੇ ਸਪਿਰਟ, ਅਧੋਗਤੀ ਵਿਚ ਬਦਲ ਕੇ ਰੱਖ ਦਿੱਤਾ ਹੈ। ਅਸੀਂ ਤਾਲੋਂ ਬੇਤਾਲ ਹੋਇ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਾਂ ਅਤੇ ਦੋਖੀ ਸਾਨੂੰ ਆਪਣੇ ਪੈਂਤੜੇ ਤੋਂ ਭਟਕਾ ਕੇ ਸਾਡਾ ਤਮਾਸ਼ਾ ਵੇਖ ਰਹੇ ਹਨ।



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੮)

ਸੀਂਚਤ ਸਲਿਲ ਬਹੁ ਬਰਨ ਬਨਾਸਪਤੀ,
ਚੰਦਨ ਸੁਬਾਸਿ ਏਕੈ ਚੰਦਨੁ ਬਖਾਨੀਐ ॥
ਪਰਬਤ ਵਿਖੈ ਉਤਪਤ ਹ੍ਵੈ ਅਸਟ ਧਾਤ;
ਪਾਰਸੁ ਪਰਸਿ ਏਕੈ ਕੰਚਨ ਕੈ ਜਾਨੀਐ ॥
ਨਿਸ ਅੰਧਕਾਰਿ ਤਾਰਾ ਮੰਡਲ ਚਮਤਕਾਰ,
ਦਿਨ ਦਿਨਕਰ ਜੋਤਿ ਏਕੈ ਪ੍ਰਵਾਨੀਐ ॥
ਲੋਗਨ ਮੈ ਲੋਗਾਚਾਰ ਗੁਰਮੁਖਿ ਏਕੰਕਾਰ,
ਸਬਦ ਸੁਰਤਿ ਉਨਮਨਿ ਉਨਮਾਨੀਐ ॥੬॥੪੦॥

**ਪਦ ਅਰਥ** :–ਸੀਂਚਤ–ਸਿੰਜਣ ਨਾਲ। ਸਲਿਲ–ਪਾਣੀ। ਬਹੁ ਬਰਨ–ਕਈ ਰੰਗਾਂ ਦੀ। ਬਨਾਸਪਤੀ–ਬ੍ਰਿਛ ਬੂਟੇ। ਸੁਬਾਸਿ–ਸੁਗੰਧੀ ਨਾਲ। ਬਖਾਨੀਐ–ਕਹੇ ਜਾਂਦੇ ਹਨ। ਵਿਖੈ–ਵਿਚ। ਉਤਪਤ–ਹ੍ਵੈ–ਪੈਦਾ ਹੁੰਦੀਆਂ ਹਨ। ਅਸਟ ਧਾਤ–ਅਠ ਧਾਤਾਂ। ਪਰਸਿ–ਛੁਹਣ ਨਾਲ। ਕੰਚਨ ਕੈ–ਸੋਨਾ ਕਰ ਕੇ। ਦਿਨਕਰ–ਸੂਰਜ। ਜੋਤਿ–ਜੋਤੀ, ਚਾਨਣਾ। ਤਾਰਾ ਮੰਡਲ–ਤਾਰਿਆਂ ਦਾ ਇਕੱਠ, ਅਨੇਕਾਂ ਤਾਰੇ। ਚਮਤਕਾਰ–ਜਗਮਗਾਹਟ। ਲੋਗਨ ਮੈ–ਲੋਕਾਂ ਵਿਚ। ਉਨਮਨਿ–ਉਚੀ ਆਤਮ-ਅਵਸਥਾ। ਉਨਮਾਨੀਐ–ਮਾਣਦਾ ਹੈ।

**ਅਰਥ** : ਪਾਣੀ ਸਿੰਜਣ ਨਾਲ ਬਹੁ ਭਾਂਤ ਦੇ ਬ੍ਰਿਛ ਬੂਟੇ ਹੁੰਦੇ ਹਨ, ਪਰ ਚੰਦਨ ਦੀ ਸੁਗੰਧੀ ਨਾਲ ਮਿਲ ਕੇ ਉਹ ਸਾਰੇ ਇਕ ਚੰਦਨ ਹੀ ਕਹੇ ਜਾਂਦੇ ਹਨ।

ਪਰਬਤ ਵਿਚੋਂ ਅਠ ਧਾਤਾਂ ਨਿਕਲਦੀਆਂ ਹਨ, ਪਰ ਪਾਰਸ ਨੂੰ ਛੁਹ ਕੇ ਉਹ ਸਾਰੀਆਂ ਧਾਤਾਂ ਇਕ ਸੋਨਾ ਕਰਕੇ ਹੀ ਜਾਣੀਆਂ ਜਾਂਦੀਆਂ ਹਨ।

ਰਾਤ ਦੇ ਅੰਨ੍ਹੇਰੇ ਵਿਚ ਅਨੇਕਾਂ ਤਾਰੇ ਜਗਮਗਾਹਟ ਕਰ ਰਹੇ ਹੁੰਦੇ ਹਨ, ਪਰ ਦਿਨ ਵੇਲੇ ਇਕੋ ਸੂਰਜ ਦਾ ਚਾਨਣਾ ਹੀ ਪ੍ਰਮਾਣੀਕ ਹੁੰਦਾ ਹੈ।

ਇਸੇ ਤਰ੍ਹਾਂ ਸਤਿਗੁਰੂ ਦੇ ਸਨਮੁਖ ਸਿਖ, ਲੋਕਾਂ ਵਿਚ ਲੋਕਾਚਾਰੀ ਦਿਸਦਿਆਂ ਵੀ ਇਕੋ ਨਿਰੰਕਾਰੀ ਰੰਗ ਵਾਲੇ ਹੋ ਜਾਂਦੇ ਹਨ ਅਤੇ ਸ਼ਬਦ ਸੁਰਤ ਦੇ ਮੇਲ ਕਰਕੇ ਉਨਮਨੀ ਅਵਸਥਾ ਨੂੰ ਮਾਣਦੇ ਹਨ।੬।੪੦।

ਜੈਸੇ ਕੁਲਾ-ਬਧੂ ਗੁਰ-ਜਨ ਮੈਂ ਘੂਘਟ-ਪਟ,
ਸਿਹਜਾ ਸੰਜੋਗ ਸਮੈ ਅੰਤਰੁ ਨ ਪੀਅ ਸੈ ॥
ਜੈਸੇ ਮਣਿ ਅਛਤ ਕੁਟੰਬ ਹੀ ਸਹਿਤ ਅਹਿ,
ਬੰਕ ਤਨੁ ਸੂਧੋ ਬਿਲ ਪੈਸਤ ਹ੍ਵੈ ਜੀਅ ਸੈ ॥
ਮਾਤ ਪਿਤਾ ਅਛਤ ਨ ਬੋਲੈ ਸੁਤੁ ਬਨਿਤਾ ਸੈ,
ਪਾਛੈ ਕੈ ਦੇ ਸਰਬਸ ਮੋਹੁ ਸੁਤ ਤੀਅ ਸੈ ॥
ਲੋਗਨ ਮੈ ਲੋਗਾਚਾਰੁ ਗੁਰਮੁਖਿ ਏਕੰਕਾਰ,
ਸਬਦ ਸੁਰਤਿ ਉਨਮਨਿ ਮਨ ਹੀਅ ਸੈ ॥੭॥੪੧॥

**ਪਦ ਅਰਥ** : ਕੁਲਾ ਬਧੂ–ਉਤਮ ਘਰਾਣੇ ਦੀ ਨੂੰਹ। ਗੁਰ ਜਨ ਮੈਂ–ਵਡੇਰਿਆਂ ਜਠੇਰਿਆਂ ਵਿਚ। ਘੂਘਟ ਪਟ–ਘੁੰਡ ਦਾ ਪਰਦਾ। ਸੰਜੋਗ–ਮਿਲਾਪ। ਅੰਤਰੁ–ਪਰਦਾ, ਵਿਥ। ਪੀਅ ਸੈ–ਪਤੀ ਤੋਂ। ਮਣਿ–ਮਣੀ। ਅਛਤ–ਹੁੰਦਿਆਂ। ਅਹਿ–ਸੱਪ। ਸਹਿਤ–ਨਾਲ। ਬੰਕ ਤਨੁ–ਟੇਢਾ ਸਰੀਰ। ਸੂਧੋ–ਸਿੱਧਾ। ਬਿਲ–ਖੁੱਡ। ਜੀਅ ਸੈ–

ਆਪਣੇ ਆਪ ਤੋਂ। ਸੁਤੁ–ਪੁੱਤਰ। ਬਨਿਤਾ ਸੈ–ਪਤਨੀ ਨਾਲ। ਸਰਬਸ ਮੋਹੁ–ਸਾਰੇ ਦਾ ਸਾਰਾ ਪਿਆਰ। ਤੀਅ–ਪਤਨੀ। ਲੋਗਨ ਮੈ–ਲੋਕਾਂ ਵਿਚ। ਲੋਗਾਚਾਰੁ–ਲੋਕਾਚਾਰੀ। ਉਨਮਨਿ–ਉੱਚੀ ਆਤਮਕ ਅਵਸਥਾ। ਹੀਅ–ਹਿਰਦਾ।

**ਅਰਥ** : ਜਿਵੇਂ ਉਤਮ ਘਰਾਣੇ ਦੀ ਨੂੰਹ ਵਡੇਰਿਆਂ ਜਠੇਰਿਆਂ ਵਿਚ ਘੁੰਡ ਦਾ ਪਰਦਾ ਕਰਦੀ ਹੈ, ਪਰ ਸਿਹਜਾ ਦੇ ਮਿਲਾਪ ਸਮੇਂ ਉਹ ਪਤੀ ਤੋਂ (ਰਤਾ ਵੀ) ਵਿੱਥ ਨਹੀਂ ਕਰਦੀ।

ਜਿਸ ਤਰ੍ਹਾਂ ਮਣੀ ਅਤੇ ਪਰਵਾਰ (ਸਪਣੀ ਤੇ ਬੱਚਿਆਂ) ਦੇ ਨਾਲ ਹੁੰਦਿਆਂ ਸੱਪ ਦਾ ਸਰੀਰ ਟੇਢਾ ਹੀ ਰਹਿੰਦਾ ਹੈ, ਪਰ ਖੁੱਡ ਵਿਚ ਪੈਂਦਿਆਂ ਹੀ ਉਹ ਆਪਣੇ ਆਪ ਸਿੱਧਾ ਹੋ ਜਾਂਦਾ ਹੈ।

(ਜਿਵੇਂ) ਮਾਤਾ ਪਿਤਾ ਦੇ ਹੁੰਦਿਆਂ ਪੁੱਤਰ ਆਪਣੀ ਇਸਤ੍ਰੀ ਨਾਲ ਨਹੀਂ ਬਚਨ-ਬਿਲਾਸ ਕਰਦਾ, ਪਰ ਉਨ੍ਹਾਂ ਤੋਂ ਪਿਛੋਂ ਪੁੱਤਰ, ਸਾਰੇ ਦਾ ਸਾਰਾ ਪਿਆਰ ਪਤਨੀ ਨੂੰ ਦੇ ਦੇਂਦਾ ਹੈ।

ਇਸੇ ਤਰ੍ਹਾਂ ਗੁਰੂ ਦਾ ਸਨਮੁਖ ਸਿਖ ਲੋਕਾਂ ਵਿਚ ਲੋਕਾਚਾਰੀ ਦਿਸਦਾ ਹੈ, ਪਰ ਮਨ ਅਤੇ ਹਿਰਦੇ ਵਿਚ ਇਕ ਪ੍ਰਭੂ ਦਾ ਪਿਆਰ ਰਖਦਾ ਹੈ ਅਤੇ ਸ਼ਬਦ ਸੁਰਤ ਦੇ ਮੇਲ ਕਾਰਨ ਉਹ ਉਚੀ ਆਤਮ-ਬਿਵਸਥਾ ਦਾ ਅਨੰਦ ਮਾਣਦਾ ਹੈ।੭।੪੧।

ਜੋਗ ਵਿਖੈ ਭੋਗ ਅਰੁ ਭੋਗ ਵਿਖੈ ਜੋਗ ਜਤ,
ਗੁਰਮੁਖ ਪੰਥੁ ਜੋਗ ਭੋਗ ਸੈ ਅਤੀਤ ਹੈ ॥
ਗਜਾਨ ਬਿਖੈ ਧਜਾਨ ਅਰੁ ਧਜਾਨ ਬਿਖੈ ਬੇਧੇ ਗਜਾਨ,
ਗੁਰਮਤਿ ਗਤਿ ਗਜਾਨ ਧਜਾਨ ਕੈ ਅਜੀਤ ਹੈ ॥
ਪ੍ਰੇਮ ਕੈ ਭਗਤਿ ਅਰ ਭਗਤਿ ਕੈ ਪ੍ਰੇਮ ਨੇਮ,
ਅਲਖ ਭਗਤਿ ਪ੍ਰੇਮ ਗੁਰਮੁਖਿ ਰੀਤਿ ਹੈ ॥
ਨਿਰਗੁਨ ਸਰਗੁਨ ਵਿਖੈ ਬਿਸਮੁ ਬਿਸ੍ਵਾਸੁ ਰਿਦੈ,
ਬਿਸਮ ਬਿਸ੍ਵਾਸ ਪਾਰ ਪੂਰਨ ਪ੍ਰਤੀਤਿ ਹੈ ॥੮॥੪੨॥

**ਪਦ ਅਰਥ** : ਜੋਗ–ਜੋਗ ਸਾਧਨਾ ਕਰਨ ਵਾਲੇ। ਵਿਖੈ–ਵਿਚ। ਭੋਗ–ਭੋਗ ਭੋਗਣ ਵਾਲੇ ਸੰਸਾਰੀ ਲੋਕ। ਸੈ–ਤੋਂ। ਅਤੀਤ–ਵਖ, ਨਿਆਰਾ। ਗਜਾਨ ਗਿਆਨ ਦੇ ਰਾਹ ਦੇ ਇਛਾਵਾਨ। ਧਜਾਨ–ਧਾਰਣਾ ਧਿਆਨ (ਧਾਰਣਾ ਧਿਆਨ ਯੋਗ ਮੱਤ ਅਨੁਸਾਰ ਮਨ ਦੀ ਉਹ ਟਿਕੀ ਹੋਈ ਹਾਲਤ ਹੈ, ਜਿਸ ਵਿਚ ਹੋਰ ਸਾਰੇ ਭਾਵ ਭੂਲ ਕੇ ਕੇਵਲ ਬ੍ਰਹਮ ਦਾ ਧਿਆਨ ਰਹਿੰਦਾ ਹੈ)। ਬੇਧੇ–ਵਿੰਨ੍ਹੇ ਹੋਏ, ਲਗੇ ਹੋਏ। ਗੁਰਮਤਿ ਗਤਿ–ਗੁਰਮਤਿ ਦੀ ਰੀਤੀ, ਮਰਯਾਦਾ, ਅਵਸਥਾ। ਅਜੀਤ–ਅਜਿਤ, ਸ਼੍ਰੋਮਣੀ, ਉਚੀ। ਭਗਤਿ–ਭਗਤੀ। ਅਲਖ ਭਗਤਿ ਪ੍ਰੇਮ–ਵਾਹਿਗੁਰੂ ਦੀ ਪ੍ਰੇਮਾ ਭਗਤੀ। ਨਿਰਗੁਨ–ਮਾਇਆ ਦੇ ਤਿੰਨਾਂ ਗੁਣਾਂ ਤੋਂ ਰਹਿਤ, ਸ਼ੁੱਧ ਬ੍ਰਹਮ। ਸਰਗੁਨ–ਮਾਇਆ ਦੇ ਤਿੰਨਾਂ ਗੁਣਾਂ ਸਹਿਤ। ਬਿਸਮ–ਅਸਚਰਜ, ਅਨੋਖਾ। ਬਿਸ੍ਵਾਸੁ–ਭਰੋਸਾ। ਪਾਰ–ਪਰਲੇ ਪਾਸੇ, ਪਰੇ।

**ਅਰਥ** :–ਜੋਗ-ਸਾਧਨਾ ਕਰਨ ਵਾਲਿਆਂ ਦੀ ਭੋਗ ਵਿਚ ਚਾਹਨਾ ਹੈ ਅਤੇ ਭੋਗੀਆਂ (ਸੰਸਾਰੀਆਂ) ਦੀ ਜੋਗ ਤੇ ਜਤ ਵਿਚ, ਪਰ ਗੁਰਮੁਖੀ ਮਾਰਗ ਦੇ ਪੰਧਾਊਆਂ ਦੀ ਚਾਹਨਾ ਜੋਗ ਤੇ ਭੋਗ ਦੋਹਾਂ ਤੋਂ ਨਿਆਰੀ ਹੈ।

ਗਿਆਨ-ਮਾਰਗ ਵਲ ਲਗਿਆਂ ਦੀ ਧਾਰਣਾ-ਧਿਆਨ ਵਿਚ ਰੁਚੀ ਰਹਿੰਦੀ ਹੈ ਅਤੇ ਧਿਆਨ ਵਿਚ ਲਗ ਹੋਏ ਗਿਆਨ ਲਈ ਭਟਕਦੇ ਫਿਰਦੇ ਹਨ, ਪ੍ਰੰਤੂ ਗੁਰਮਤਿ ਦੀ ਅਵਸਥਾ ਗਿਆਨ ਤੇ ਧਿਆਨ ਦੋਹਾਂ ਤੋਂ ਉਚੀ ਹੈ

ਪ੍ਰੇਮ ਪਾਲਨ ਵਾਲੇ ਭਗਤੀ ਨੂੰ ਲੋਚਦੇ ਹਨ ਅਤੇ ਭਗਤੀ ਵਾਲੇ ਪ੍ਰੇਮ-ਨੇਮ ਦੇ ਖ਼ਾਹਸ਼ਵੰਦ ਹਨ, ਪਰ ਗੁਰਮੁਖ। ਜਨਾਂ ਦੀ ਮਰਯਾਦਾ ਕੇਵਲ ਅਲੱਖ ਵਾਹਿਗੁਰੂ ਦੀ ਪ੍ਰੇਮਾ-ਭਗਤੀ ਹੈ।

ਕਈ ਪ੍ਰਾਣੀਆਂ ਅੰਦਰ ਨਿਰਗੁਣ ਸਰੂਪ ਦੀ ਉਪਾਸ਼ਨਾ ਦਾ ਅਤੇ ਕਈਆਂ ਵਿਚ ਸਰਗੁਣ ਸਰੂਪ ਦਾ ਅਨੋਖਾ ਜਿਹਾ ਵਿਸ਼ਵਾਸ ਹੈ, ਭਾਵ ਅਧੂਰੇ ਭਰੋਸੇ ਵਾਲਾ ਹੈ; ਪਰ ਗੁਰਮੁਖ ਜਨਾਂ ਅੰਦਰ ਵਾਹਿਗੁਰੂ ਦੇ ਪਿਆਰ ਦਾ, ਅਜਿਹੇ ਅਨੋਖੇ ਵਿਸ਼ਵਾਸ ਤੋਂ ਉਪਰ, ਪੂਰਨ ਪ੍ਰਤੀਤ ਵਾਲਾ ਸਿਦਕ ਭਰੋਸਾ ਹੁੰਦਾ ਹੈ।੮।੪੨।



www.AKJ.Org

ਕਿੰਚਤ ਕਟਾਛਿ ਦਿਬ ਦੇਹ ਦਿਬ ਦ੍ਰਿਸਟਿ ਹੁਇ,
ਦਿਬ ਜੋਤਿ ਕੈ ਧਿਆਨਿ ਦਿਬ ਦ੍ਰਿਸ਼ਟਾਂਤ ਕੈ ॥
ਸਬਦ ਬਿਬੇਕ ਟੇਕ ਪ੍ਰਗਟ ਹ੍ਵੈ ਗੁਰਮਤਿ,
ਅਨਹਦ ਗੰਮ ਉਨਮਨੀ ਕੈ ਮਤਾਂਤ ਕੈ ॥
ਗਜਾਨ ਧਜਾਨ ਕਰਣੀ ਕੈ ਉਪਜਤ ਪ੍ਰੇਮ ਰਸੁ,
ਗੁਰਮੁਖਿ ਸੁਖੁ ਪ੍ਰੇਮ ਨੇਮੁ ਨਿਜ ਕ੍ਰਾਂਤ ਕੈ ॥
ਚਰਨ ਕਮਲ ਦਲ ਸੰਪਟ ਮਧੁਪ ਗਤਿ,
ਸਹਜ ਸਮਾਧਿ ਮਧੁ-ਪਾਨ ਪ੍ਰਾਨ ਸਾਂਤ ਕੈ ॥੯॥੪੩॥

**ਪਦ ਅਰਥ**–ਕਿੰਚਤ–ਰਤਾ ਜਿੰਨੀ। ਕਟਾਛਿ ਦਿਬ–ਦਿਬ ਦ੍ਰਿਸ਼ਟੀ ਨਾਲ, ਕਿਰਪਾ ਦ੍ਰਿਸ਼ਟੀ ਨਾਲ। ਦੇਹ–ਦੇਹੀ, ਸਰੀਰ। ਦਿਬ ਜੋਤਿ ਕੈ ਧਿਆਨਿ–ਦਿਬ ਜੋਤੀ ਵਾਹਿਗੁਰੂ ਦੇ ਧਿਆਨ ਨਾਲ। ਦ੍ਰਿਸ਼ਟਾਂਤ–ਦ੍ਰਿਸ਼ਟੀ ਵਿਚ ਆਉਣਾ, ਨਜ਼ਰ ਆਉਣਾ। ਸਬਦ ਬਿਬੇਕ–ਸ਼ਬਦ ਦੇ ਗਿਆਨ, ਗੁਰੂ ਸ਼ਬਦ ਨੂੰ ਕਮਾਉਣਾ। ਹ੍ਵੈ–ਹੁੰਦੀ ਹੈ। ਅਨਹਦ–ਅਲੌਕਿਕ ਇਕ-ਰਸ ਹੋ ਰਹੀ ਸ਼ਬਦ ਦੀ ਧੁਨੀ। ਗੰਮ–ਪਹੁੰਚ, ਪ੍ਰਾਪਤੀ। ਉਨਮਨੀ–ਉਚੀ ਸਹਜ ਅਵਸਥਾ। ਮਤਾਂਤ–ਨਿਚੋੜ, ਸਿਧਾਂਤ, ਰਸ। ਗਜਾਨ–ਉਪਦੇਸ਼। ਉਪਜਤ–ਪੈਦਾ ਹੁੰਦਾ ਹੈ। ਨਿਜ ਕ੍ਰਾਂਤ–ਨਿਜ ਆਤਮ ਸਰੂਪ ਦਾ ਪ੍ਰਕਾਸ਼। ਦਲ-ਪੰਖੜੀਆਂ। ਸੰਪਟ–ਡਬੀ। ਮਧੁਪ–ਭੌਰਾ। ਗਤਿ–ਵਾਂਗ। ਮਧੁ ਪਾਨ–ਅੰਮ੍ਰਿਤ ਰਸ ਨੂੰ ਪੀਂਦਾ ਹੈ।

**ਅਰਥ**–(ਸਤਿਗੁਰੂ ਦੀ) ਰਤਾ ਜਿੰਨੀ ਕਿਰਪਾ-ਦ੍ਰਿਸ਼ਟੀ ਨਾਲ ਦੇਹੀ ਅਤੇ ਦ੍ਰਿਸ਼ਟੀ ਦੈਵੀ ਹੋ ਜਾਂਦੀ ਹੈ ਅਤੇ (ਸਤਿਗੁਰੂ ਦੀ ਬਖ਼ਸ਼ਸ਼ ਦੁਆਰਾ) ਦਿਬ-ਜੋਤੀ ਵਾਹਿਗੁਰੂ ਦੇ ਧਿਆਨ ਨਾਲ (ਸਭ ਪਾਸੇ) ਵਾਹਿਗੁਰੂ ਹੀ ਦ੍ਰਿਸ਼ਟੀ ਵਿਚ ਆਉਂਦਾ ਹੈ।

ਗੁਰ-ਸ਼ਬਦ ਦੀ ਕਮਾਈ ਕਰਨ, ਤੇ ਉਸ ਦੀ ਓਟ ਲੈਣ ਨਾਲ ਗੁਰਮਤਿ ਪ੍ਰਗਟ ਹੁੰਦੀ ਹੈ ਅਤੇ ਅਨਹਦ ਸ਼ਬਦ ਤਕ ਰਸਾਈ ਹੋਣ ਤੇ, ਭਾਵ, ਇਕ-ਰਸ ਹੋ ਰਹੀ ਅਲੌਕਿਕ ਸ਼ਬਦ ਦੀ ਧੁਨੀ ਦੀ ਸੂਤ ਪ੍ਰਾਪਤ ਹੋਣ ਤੇ ਉਚੀ ਸਹਜ ਅਵਸਥਾ ਦਾ ਰਸ ਮਾਣੀਦਾ ਹੈ।

ਸਤਿਗੁਰੂ ਦਾ ਉਪਦੇਸ਼ ਧਿਆਨ ਤੇ ਅਭਿਆਸ ਰੂਪੀ ਕਰਣੀ ਧਾਰਨ ਕਰਨ ਨਾਲ ਪ੍ਰੇਮ-ਰਸ ਉਪਜਦਾ ਹੈ, ਅਤੇ ਇਸ ਪ੍ਰੇਮ-ਨੇਮ ਨੂੰ ਨਿਭਾਉਂਦਿਆਂ ਗੁਰਮੁਖ ਜਨ ਨੂੰ ਨਿਜ ਆਤਮ ਸਰੂਪ ਦਾ ਪ੍ਰਕਾਸ਼ ਹੋ ਆਉਂਦਾ ਹੈ।

(ਜਿਵੇਂ) ਕੰਵਲ ਫੁਲ ਦੀਆਂ ਪੰਖੜੀਆਂ ਦੀ ਡਬੀ ਵਿਚ (ਭੌਰੇ ਦੇ ਪ੍ਰਾਣਾਂ ਨੂੰ ਸ਼ਾਂਤੀ ਮਿਲਦੀ ਹੈ, ਇਉਂ ਹੀ) ਭੌਰੇ ਵਾਂਗ ਗੁਰਮੁਖ ਜਨ, ਆਪਣੇ ਸੁਆਸਾਂ ਨੂੰ ਆਤਮ-ਸੁਖ ਦੇਣ ਲਈ, ਗੁਰੂ ਦੇ ਚਰਨ-ਕਮਲਾਂ ਨਾਲ ਜੁੜਦਾ ਅਤੇ ਸਹਜ-ਸਮਾਧੀ ਵਿਚ ਨਾਮ-ਅੰਮ੍ਰਿਤ-ਰਸ ਨੂੰ ਪੀਂਦਾ ਹੈ।੯।੪੩।

ਸੂਆ ਗਹਿ ਨਲਨੀ ਕਉ ਉਲਟ ਗਹਾਵੈ ਆਪੁ,
ਹਾਥ ਸੈ ਛਡਾਏ ਛਾਡੈ ਪਰ-ਬਸਿ ਆਵਈ ॥
ਤੈਸੇ ਬਾਰੰਬਾਰ ਟੇਰਿ ਟੇਰਿ ਕਹੇ ਪਠੋ-ਪਠੋ,
ਆਪਨੋ ਹੀ ਨਾਮ ਸੀਖਿ ਆਪਿ ਹੀ ਪੜਾਵਈ ॥
ਰਘੁਬੰਸੀ ਰਾਮ ਨਾਮ. ਗਾਲ ਜਾਮਨੀ ਸੁਭਾਖਾ,
ਸੰਗਤਿ ਸੁਭਾਵ ਗਤਿ ਬੁਧਿ ਪ੍ਰਗਟਾਵਈ ॥
ਤੈਸੇ ਗੁਰ ਚਰਨ ਸਰਨ ਸਾਧ ਸੰਗਿ ਮਿਲੇ,
ਆਪੁ ਆਪੁ ਚੀਨਿ ਗੁਰਮੁਖਿ ਸੁਖੁ ਪਾਵਈ ॥੧੦॥੪੪॥

**ਪਦ ਅਰਥ :** ਸੂਆ–ਤੋਤਾ ਗਹਿ–ਪਕੜ ਕੇ। ਨਲਨੀ–ਇਕ ਖ਼ਾਲੀ ਨਲਕੀ ਇਕ ਸਰੀ ਵਿਚ ਪ੍ਰੋ



www.AKJ.Org

ਕੇ ਪਾਣੀ ਦੇ ਭਾਂਡੇ ਉਤੇ ਰਖੀ ਜਾਂਦੀ ਹੈ। ਜਦ ਤੋਤਾ ਬੈਠਦਾ ਹੈ ਤਾਂ ਨਲਕੀ ਫਿਰ ਜਾਂਦੀ ਹੈ। ਤੋਤਾ ਡੁਬਣ ਦੇ ਡਰ ਤੋਂ ਉਸ ਨੂੰ ਫੜੀ ਰਖਦਾ ਹੈ ਤੇ ਫੜਿਆ ਜਾਂਦਾ ਹੈ। ਗਹਾਵੈ–ਫਹਾਉਂਦਾ। ਪਰ-ਬਸਿ–ਪਰਾਏ ਵਸ ਵਿਚ। ਟੇਰਿ–ਪਕਾਰ, ਉਚਾਰ ਕੇ। ਪਠੋ–ਪੜ੍ਹੋ। ਸੀਖਿ–ਸਿਖ ਕੇ। ਰਘੁਵੰਸੀ–ਰਾਮ-ਭਗਤ। ਗਾਲ–ਗਾਲ੍ਹਾਂ। ਜਾਮਨੀ ਸੁ ਭਾਖਾ–ਯਵਨ (ਯੂਨਾਨ) ਦੀ ਫ਼ਾਰਸੀ ਬੋਲੀ। ਸੁਭਾਵ ਗਤਿ–ਸੁਭਾਉ ਅਨੁਸਾਰ। ਆਪੁ ਆਪੁ–ਆਪਣਾ ਆਪ, ਨਿਜ ਸਰੂਪ। ਚੀਨਿ–ਪਛਾਣ ਕੇ।

**ਅਰਥ** : ਤੋਤਾ ਨਲਕੀ (ਫਾਹੁਣ ਵਾਲੇ ਜੰਤਰ) ਨੂੰ ਪਕੜ ਕੇ ਉਲਟਾ ਆਪਣੇ ਆਪ ਨੂੰ ਫਹਾ ਲੈਂਦਾ ਹੈ। ਜਦੋਂ (ਫੰਧਕ) ਹੱਥਾਂ ਨਾਲ (ਉਹ ਨਲਕੀ) ਛੁਡਾਉਂਦਾ ਹੈ ਤਦੋਂ ਛਡਦਾ ਹੈ; ਇਉਂ ਉਹ ਪਰਾਏ-ਵਸ ਪੈ ਜਾਂਦਾ ਹੈ।

(ਜਿਵੇਂ ਤੋਤੇ ਨੂੰ ਕੋਈ ਪੜ੍ਹਾਉਂਦਾ ਹੈ) ਉਸੇ ਤਰ੍ਹਾਂ ਉਹ ਬਾਰ ਬਾਰ ਉਚਾਰ ਉਚਾਰ ਕੇ ਕਹਿੰਦਾ ਹੈ, "ਪੜ੍ਹੋ ਪੜ੍ਹੋ" ਅਤੇ ਆਪਣਾ ਹੀ ਨਾਂ ਸਿਖ ਕੇ (ਹੋਰਨਾਂ ਨੂੰ) ਆਪ ਹੀ ਪੜ੍ਹਾਉਂਦਾ ਹੈ।

(ਉਸ ਤੋਤੇ ਨੂੰ) ਰਾਮ-ਭਗਤ ਤਾਂ 'ਰਾਮ ਨਾਮ', ਪਰ ਯਵਨ (ਯੂਨਾਨ) ਵਾਲਾ ਫ਼ਾਰਸੀ ਬੋਲੀ ਵਿਚ ਗਾਲ੍ਹਾਂ ਸਿਖਾਂਦਾ ਹੈ। ਸੰਗਤ ਦੇ ਸੁਭਾਉ ਅਨੁਸਾਰ ਬੁਧੀ ਪ੍ਰਗਟਦੀ ਹੈ।

ਇਸੇ ਤਰ੍ਹਾਂ ਸਤਿਗੁਰੂ ਦੇ ਚਰਨਾਂ ਦੀ ਸ਼ਰਨ ਲੈ ਕੇ, ਸਾਧੂ ਸਤਿ ਪੁਰਸ਼ ਦੀ ਸੰਗਤ ਵਿਚ ਮਿਲਣ ਨਾਲ, ਗੁਰੂ ਦਾ ਸਨਮੁਖ ਸਿਖ ਆਪਣੇ ਨਿਜ ਸਰੂਪ ਨੂੰ ਪਛਾਣ ਕੇ ਸੱਚਾ ਸੁਖ ਮਾਣਦਾ ਹੈ।੧੦।੪੪।

ਦ੍ਰਿਸ਼ਟਿ ਮਹਿ ਦਰਸੁ ਦਰਸ, ਮਹਿ ਦ੍ਰਿਸ਼ਟਿ ਦ੍ਰਿਗ,
ਦ੍ਰਿਸ਼ਟਿ, ਦਰਸ ਅਦਰਸ ਗੁਰ ਧਯਾਨਿ ਹੈ॥
ਸਬਦ ਮਹਿ ਸੁਰਤਿ, ਸੁਰਤਿ ਮਹਿ ਸਬਦ ਧੁਨਿ,
ਸਬਦ ਸੁਰਤਿ ਅਗਮਿਤਿ ਗੁਰ ਗਯਾਨ ਹੈ॥
ਗਯਾਨ ਧਯਾਨ ਕਰਣੀ ਕੈ ਪ੍ਰਗਟਤ ਪ੍ਰੇਮ ਰਸੁ,
ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ॥
ਪਿੰਡ ਪ੍ਰਾਣ ਪ੍ਰਾਣਪਤਿ ਬੀਸ ਕੋ ਬਰਤਮਾਨ,
ਗੁਰਮੁਖਿ ਸੁਖ ਇਕ ਈਸ ਮੋ ਨਿਧਾਨ ਹੈ॥੧੧॥੪੫॥

**ਪਦ ਅਰਥ** : ਦ੍ਰਿਸ਼ਟਿ–ਦ੍ਰਿਸ਼ਟੀ, ਨਜ਼ਰ। ਦ੍ਰਿਗ–ਨੇਤਰ। ਅਦਰਸ–ਦਰਸ਼ਨ ਤੋਂ ਪਰੇ। ਧਯਾਨਿ–ਧਿਆਨ ਕਰਕੇ। ਧੁਨਿ–ਧੁਨੀ, ਗੂੰਜ। ਅਗਮਿਤਿ–ਪਹੁੰਚ ਤੋਂ ਪਰੇ। ਕਰਣੀ ਕੈ–ਕਰਣੀ ਅਨੁਸਾਰ, ਆਚਰਣ ਨਾਲ। ਪ੍ਰਗਟਤ–ਪ੍ਰਗਟਦਾ ਹੈ। ਗਤਿ ਪ੍ਰੇਮ ਨੇਮ–ਪ੍ਰੇਮ ਦੇ ਨੇਮ ਸਦਕਾ। ਨਿਰਬਾਨ–ਨਿਰਬਾਣ ਪਦ। ਪਿੰਡ–ਸਰੀਰ। ਪ੍ਰਾਣਪਤਿ–ਪ੍ਰਾਣਾਂ ਦਾ ਪਤੀ ਵਾਹਿਗੁਰੂ। ਬੀਸ ਕੋ ਬਰਤਮਾਨ–ਸੰਸਾਰ ਵਿਚ ਵਰਤਣ ਵਾਲਾ। ਸੁਖ–ਨਿਧਾਨ–ਸੁਖਾਂ ਦਾ ਖ਼ਜ਼ਾਨਾ। ਇਕ ਈਸ ਮੋ–ਇਕ ਈਸ਼ਵਰ ਵਿਚ।

**ਅਰਥ** : ਗੁਰਮੁਖਾਂ ਦੀ ਦ੍ਰਿਸ਼ਟੀ ਵਿਚ (ਸਤਿਗੁਰੂ ਦਾ) ਦਰਸ਼ਨ ਅਤੇ (ਸਤਿਗੁਰੂ ਦੇ) ਦਰਸ਼ਨ ਵਿਚ (ਉਨ੍ਹਾਂ ਦੇ) ਨੇਤਰਾਂ ਦੀ ਦ੍ਰਿਸ਼ਟੀ (ਸਮਾਈ ਰਹਿੰਦੀ ਹੈ)। ਸਤਿਗੁਰਾਂ ਦੇ ਇਸ ਧਿਆਨ ਦੇ ਤੁਫ਼ੈਲ (ਉਨ੍ਹਾਂ ਦੀ) ਦ੍ਰਿਸ਼ਟੀ ਦੁਨਿਆਵੀ (ਅਨਿਕ ਪ੍ਰਕਾਰੀ) ਦਰਸ਼ਨਾਂ ਤੋਂ ਦੁਰਾਡੇ ਰਹਿੰਦੀ ਹੈ।

(ਗੁਰੂ ਦੇ ਬਖ਼ਸ਼ੇ) ਸ਼ਬਦ ਵਿਚ (ਉਨ੍ਹਾਂ ਦੀ) ਸੁਰਤੀ, ਅਤੇ ਸੁਰਤੀ ਵਿਚ ਸ਼ਬਦ ਦੀ ਧੁਨੀ ਸਮਾਈ ਰਹਿੰਦੀ ਹੈ, ਪਰ ਸ਼ਬਦ-ਸੁਰਤਿ ਦਾ ਗਿਆਨ ਪਹੁੰਚ ਤੋਂ ਪਰੇ ਹੈ।

ਸਤਿਗੁਰੂ ਦੇ ਬਖ਼ਸ਼ੇ ਗਿਆਨ (ਗੁਰ-ਦੀਖਿਆ) ਅਤੇ ਸਤਿਗੁਰੂ ਦੇ ਦਰਸ-ਧਿਆਨ ਅਨੁਸਾਰ ਜੀਵਨ ਢਾਲਣ ਨਾਲ ਪ੍ਰੇਮ-ਰਸ ਉਪਜਦਾ ਹੈ ਅਤੇ ਗੁਰਮਤਿ ਦੇ ਪ੍ਰੇਮ-ਨੇਮ ਸਦਕਾ ਨਿਰਬਾਣ ਪਦ (ਪ੍ਰਾਪਤ ਹੁੰਦਾ ਹੈ)।

ਗੁਰਮੁਖ ਜਨ ਸੰਸਾਰ (ਬੀਸ) ਵਿਚ ਵਰਤਦਾ ਹੋਇਆ ਵੀ ਆਪਣਾ ਸਰੀਰ ਤੇ ਪ੍ਰਾਣ, ਪ੍ਰਾਣਾਂ ਦੇ ਪਤੀ ਵਾਹਿਗੁਰੂ ਦੇ ਹੀ ਸਮਝਦਾ ਹੈ। ਗੁਰਮੁਖਾਂ ਦੇ ਸੁਖਾਂ ਦਾ ਖ਼ਜ਼ਾਨਾ ਇਕ-ਈਸ਼ਵਰ ਵਿਚ (ਲੀਨ ਹੋਣਾ) ਹੀ ਹੈ।੧੧।੪੫।



www.AKJ.Org

# ਸਿੱਖਾਂ ਦਾ ਆਦਰਸ਼ਕ ਗੁਰਦੁਆਰਾ

[ਭਾਈ ਜਸਬੀਰ ਸਿੰਘ ਜੀ 'ਵੇਰਕਾ']

ਦੁਨੀਆ ਦੇ ਹਰ ਧਰਮ ਦਾ ਇੱਕ ਹਰਮਨ ਪਿਆਰਾ ਧਰਮ-ਮੰਦਰ ਹੁੰਦਾ ਹੈ, ਜਿਥੇ ਉਸ ਧਰਮ ਦੇ ਅਨੁਯਾਈ, ਆਪਣੇ ਆਪਣੇ ਵਿਸ਼ਵਾਸ ਹਿਤ ਪੂਜਾ, ਪ੍ਰਾਰਥਨਾ, ਜੋਦੜੀਆਂ, ਜਾਂ ਅਰਦਾਸਾਂ ਕਰਦੇ ਹਨ। ਹਾਂ, ਇਹ ਗੱਲ ਵੱਖਰੀ ਹੈ ਕਿ ਦੁਨੀਆ ਦੇ ਕਿਸੇ ਧਰਮ ਵਿਚ ਇਸ ਨੂੰ ''ਮੰਦਰ'' (ਸ਼ਿਵ ਮੰਦਰ, ਦੇਵੀ ਦਾ ਮੰਦਰ) ਕਿਹਾ ਗਿਆ ਹੈ, ਕਿਸੇ ਵਿੱਚ ''ਚਰਚ'' (ਗਿਰਜਾ) ਅਤੇ ਕਿਸੇ ਵਿਚ ਮਸਜਿਦ, ਆਦਿ। ਕੁਝ ਇਵੇਂ ਹੀ ਸਿੱਖ ਧਰਮ ਦੇ ਮੋਢੀ ਬਾਬਾ ਨਾਨਕ ਦੇਵ ਜੀ ਜਦੋਂ ਇੱਕ ਅਕਾਲ ਪੁਰਖ ਨਾਲ ਇੱਕ-ਮਿੱਕ ਜਾਂ ਇਕ-ਸੁਰ ਹੋਏ ਤਾਂ ਉਹਨਾਂ ਦੇ ਹਿਰਦੇ ਦੀਆਂ ਡੂੰਘਾਈਆਂ ਵਿਚੋਂ ਮਨੁੱਖਤਾ ਦੀਆਂ ਸਾਰੀਆਂ ਚਿੰਤਾਵਾਂ, ਦੁਖਾਂ, ਕਲੇਸ਼ਾਂ ਤੇ ਝੋਰਿਆਂ ਨੂੰ ਮਿਟਾਉਣ ਵਾਲੀ ''ਧੁਰ ਕੀ ਬਾਣੀ'', ''ਅਕਾਲੀ ਬਾਣੀ'', ਹਾਂ ਜੀ, ''ਜੀਅ ਦਾਨੁ ਦੇ ਭਗਤੀ ਲਾਇਨਿ'' (੭੪੯) ਵਾਲੀ ਅਰਸ਼ੀ ਬਾਣੀ ਦਾ ਬੀਜ ਫੁਟਿਆ। ਹੁਣ ਐਸੀ ਬਾਣੀ ਦੇ ਪਾਠ-ਸਿਮਰਨ ਵਾਸਤੇ ਬਾਬਾ ਜੀ ਨੇ ਸੰਗਤਾਂ ਕਾਇਮ ਕੀਤੀਆਂ। ਫਿਰ ਸੰਗਤਾਂ ਦੇ ਮਿਲ ਬੈਠਣ ਲਈ ਕਿਸੇ ਐਸੇ ਅਸਥਾਨ ਦੀ ਲੋੜ ਮਹਿਸੂਸ ਹੋਈ ਜਿਥੇ ਸਭ ਸੰਗਤਾਂ ਬੈਠ ਕੇ ਅਕਾਲ ਪੁਰਖ ਪਰਮਾਤਮਾ ਦਾ ਭਜਨ ਕਰ ਸਕਣ। ਐਸੇ ਧਰਮ-ਅਸਥਾਨ ਦਾ ਨਾਂ ਬਾਬਾ ਜੀ ਨੇ ''ਧਰਮਸਾਲ'' ਰੱਖਿਆ, ਜਿਸ ਨੂੰ ਸਿੱਖ ਸੰਗਤ ਅੱਜ ''ਗੁਰਦੁਆਰੇ'' ਦੇ ਪਵਿੱਤਰ ਨਾਮ ਨਾਲ ਯਾਦ ਕਰਦੀ ਹੈ। ਗੁਰਦੁਆਰੇ ਦਾ ਅਰਥ ਹੈ, ਗੁਰੂ ਦਾ ਘਰ, ਜਾਂ ਗੁਰੂ ਦਾ ਦਰ।

ਪੰਥ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ''ਨਾਭਾ'' ਨੇ ਗੁਰਮਤਿ ਮਾਰਤੰਡ ਭਾਗ ਪਹਿਲਾ ਦੇ ਪੰਨਾ ੩੮੦ ਉਤੇ ਗੁਰਦੁਆਰੇ ਸੰਬਧੀ ਇਉਂ ਲਿਖਿਆ ਹੈ, ''ਜਿਸ ਥਾਂ ਸਤਿਗੁਰਾਂ ਦੇ ਦਸ ਸਰੂਪਾਂ ਵਿਚੋਂ ਕਿਸੇ ਦੇ ਚਰਣ ਪਏ ਅਤੇ ਇਤਿਹਾਸਕ (ਐਤਿਹਾਸਿਕ) ਘਟਨਾ ਹੋਈ ਹੈ, ਅਥਵਾ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸਿੱਖ ਧਰਮ ਦੇ ਨਿਯਮਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਅਤੇ ਵਿਸ਼੍ਰਾਮ, ਲੰਗਰ, ਵਿਦ੍ਯਾ, ਕੀਰਤਨ ਆਦਿ ਦਾ ਗੁਰ-ਮਰਯਾਦਾ ਅਨੁਸਾਰ ਪ੍ਰਬੰਧ ਹੈ, ਉਸ ਦੀ 'ਗੁਰਦੁਆਰਾ' ਸੰਗਿਆ ਹੈ।''

ਮਹਾਨ ਕੋਸ਼ ਵਿਚ ਲਿਖਿਆ ਹੈ ਕਿ ''ਗੁਰਦੁਆਰਾ'' ਉਹ ਅਸਥਾਨ ਹੈ, ''ਜਿਸ ਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ, ਅਥਵਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।'' ਇਸੇ ਗ੍ਰੰਥ ਵਿਚ ਇੱਕ ਥਾਂ ਹੋਰ ਜ਼ਿਕਰ ਆਇਆ ਹੈ ਕਿ ''ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਸਿੱਖਾਂ ਦੇ ਧਰਮ-ਮੰਦਰ ਦਾ ਨਾਂ 'ਧਰਮਸਾਲ' ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤ-ਸਰੋਵਰ ਦੇ ਧਰਮ-ਮੰਦਰ ਦੀ 'ਹਰਿਮੰਦਰ' ਸੰਗਿਆ ਥਾਪੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮਸਾਲ ਦੀ 'ਗੁਰਦੁਆਰਾ' ਸੰਗਿਆ ਹੋਈ ਹੈ।''

ਭਾਵੇਂ ਕੁਝ ਵੀ ਕਿਉਂ ਨ ਹੋਵੇ, ਗੁਰਦੁਆਰਾ ਸਿੱਖਾਂ ਦੀ ਅਤੀ ਮਹੱਤਵਪੂਰਨ ਸੰਸਥਾ ਹੈ, ਜਿਸ ਦੀ ਜੁਦਾਈ 'ਸਿੱਖ ਸੂਰਾ' ਆਪਣੇ ਖੂਨ ਦੀ ਅਹੂਤੀ ਦੇ ਕੇ ਵੀ ਪ੍ਰਾਪਤ ਕਰਨ ਤੋਂ ਸੰਕੋਚ ਨਹੀਂ ਕਰਦਾ। ਇਸ ਮਹਾਨ ਸੰਸਥਾ ਦਾ ਮੁੱਢ, ਜਿਵੇਂ ਪਹਿਲਾਂ ਵੀ ਬਿਆਨ ਕੀਤਾ ਗਿਆ ਹੈ ਕਿ, ਗੁਰੂ ਨਾਨਕ ਦੇਵ ਜੀ ਤੋਂ ਹੀ ਬੱਝ ਗਿਆ ਸੀ। ਉਹ ਜਿਥੇ ਵੀ ਜਾਂਦੇ ਸਨ, ਜਿਥੇ ਵੀ ਪੈਰ ਟਿਕਾਉਂਦੇ ਸਨ, ਉਥੇ 'ਧਰਮਸਾਲ' ਸਥਾਪਤ ਕਰਦੇ ਸਨ। ਇਸ ਦੀ ਗਵਾਹੀ ਭਾਈ ਗੁਰਦਾਸ ਜੀ ਇਉਂ ਭਰਦੇ ਹਨ—

ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣਿ ਸੋਆ ॥

ਅਤੇ—ਘਰ ਘਰ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਸੋਆ ॥ [ਵਾਰ ੧, ਪਉੜੀ ੨੭

ਸਪੱਸ਼ਟ ਹੈ ਕਿ ਬਾਬਾ ਜੀ ਜਿਥੇ ਵੀ ਜਾਂਦੇ, ਉਥੇ ਧਰਮਸਾਲ ਜਾਂ ਗੁਰਦੁਆਰੇ ਦੀ ਸਥਾਪਨਾ ਹੁੰਦੀ ਜਾਂਦੀ ਸੀ।


www.AKJ.Org

ਪ੍ਰਿੰ: ਤੇਜਾ ਸਿੰਘ ਜੀ ਆਪਣੀ ਅੰਗਰੇਜ਼ੀ ਪੁਸਤਕ 'ਸਿਖਇਜ਼ਮ' ਵਿਚ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਜਿਥੇ ਵੀ ਜਾਂਦੇ ਸਨ, ਉਥੇ ਇੱਕ ਸੰਗਤ ਜ਼ਰੂਰ ਪੈਦਾ ਕਰਦੇ ਸਨ ਅਤੇ ਦੂਸਰਾ ਗੁਰਦੁਆਰਾ ਬਣਾਉਣ ਦੀ ਪੱਕੀ ਪ੍ਰੇਰਨਾ ਕਰ ਜਾਂਦੇ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਸੰਗਤ ਪ੍ਰਭੂ-ਉਸਤਤ ਦੇ ਸ਼ਬਦ ਕੀਰਤਨ ਕਰਦੀ ਸੀ। ਇਹ ਗੁਰਦੁਆਰੇ ਸਿੱਖੀ ਪ੍ਰਚਾਰ ਦੇ ਕੇਂਦਰ ਬਣ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਐਸੇ ਗੁਰਦੁਆਰੇ ਵੱਖ ਵੱਖ ਥਾਵਾਂ ਤੇ ਬਣ ਚੁੱਕੇ ਸਨ।"

ਵਿਚਾਰ-ਪੱਖੋਂ ਤਾਂ ਸਮੂਹ ਗੁਰਦਆਰੇ ਇੱਕ-ਸਮਾਨ ਹਨ, ਪਰ ਇਤਿਹਾਸਕ ਨਿਗਾਹ ਤੋਂ ਕੁਝ ਐਸੇ ਪ੍ਰਮੁੱਖ ਗੁਰਦੁਆਰੇ ਹਨ, ਜਿਨ੍ਹਾਂ ਨੂੰ ਸਤਿਗੁਰਾਂ ਦੀ ਚਰਨ-ਛੁਹ ਪ੍ਰਾਪਤ ਹੈ। ਉਹ ਕਿਸੇ ਇਤਿਹਾਸਕ ਘਟਨਾ ਦੀ ਯਾਦ ਦਿਵਾਉਂਦੇ ਹਨ। ਉਹਨਾਂ ਨੂੰ ਇਤਿਹਾਸਕ ਗੁਰਦੁਆਰੇ ਕਿਹਾ ਜਾਂਦਾ ਹੈ। ਦੂਜੇ ਉਹ ਗੁਰਦੁਆਰੇ ਹਨ ਜਿਹੜੇ ਸੰਗਤਾਂ ਨੇ ਪਿੰਡਾਂ, ਨਗਰਾਂ, ਮਹੱਲਿਆਂ ਆਦਿ ਵਿਚ ਬਣਾਏ। ਜਾਂ ਇਉਂ ਕਹਿ ਲਓ ਜਿਥੇ ਇਕ ਜਾਂ ਦੋ ਸਿੱਖ ਜਾਂ ਇਸ ਤੋਂ ਵਧੀਕ ਸਿੱਖ ਇਕੱਠੇ ਹੋਏ ਤਾਂ ਉਹਨਾਂ ਦੇ ਹਿਰਦਿਆਂ ਵਿਚੋਂ ਗੁਰਦੁਆਰਿਆਂ ਪ੍ਰਤੀ ਪਿਆਰ ਨੇ ਉਬਾਲਾ ਖਾਧਾ ਤੇ ਉਹਨਾਂ ਨੇ ਜੁੜ ਬੈਠਣ ਲਈ, ਪ੍ਰਭੂ ਦਾ ਭਜਨ ਕਰਨ ਲਈ ਗੁਰਦੁਆਰੇ ਦੀ ਸਥਾਪਨਾ ਕੀਤੀ। ਇਤਿਹਾਸਕ ਗੁਰਧਾਮਾਂ ਨਾਲ ਸਿੱਖ ਸੰਗਤਾਂ ਦੀ ਮੁੱਢ ਤੋਂ ਹੀ ਡੂੰਘੀ ਸ਼ਰਧਾ ਤੇ ਪ੍ਰੀਤੀ ਰਹੀ ਹੈ, ਕਿਉਂਕਿ ਉਨ੍ਹਾਂ ਤੋਂ ਵਿਸ਼ੇਸ਼ ਪ੍ਰੇਰਨਾ ਮਿਲਦੀ ਸੀ। ਸਿੱਖ ਸੰਗਤਾਂ ਉਹਨਾਂ ਦੇ ਦਰਸ਼ਨ ਕਰ ਕੇ ਨਿਹਾਲ ਹੁੰਦੀਆਂ ਸਨ। ਉਪਰੋਕਤ ਸ਼ਰਧਾ ਤੇ ਪ੍ਰੀਤੀ ਅੱਜ ਵੀ ਸੰਗਤ ਵਿਚ ਸਿਰੇ ਦੀ ਮਿਲਦੀ ਹੈ। ਇਹੋ ਕਾਰਨ ਹੈ ਕਿ ਅੱਜ ਵੀ ਹਰ ਸਿੱਖ ਆਪਣੀ ਸਵੇਰ ਸ਼ਾਮ ਦੀ ਅਰਦਾਸ ਵਿਚ ਅੰਮ੍ਰਿਤਸਰ ਦੇ ਪਵਿਤਰ ਦਰਸ਼ਨ ਦੀਦਾਰ ਤੇ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਦੀ ਸਾਂਭ-ਸੰਭਾਲ ਖਾਲਸਾ ਜੀ ਨੂੰ ਪ੍ਰਾਪਤ ਹੋ ਜਾਣ ਦੀ ਮੰਗ ਕਰਦਾ ਹੈ। ਪੰਥ ਦੀ ਮੰਗ ਪ੍ਰਵਾਨ ਹੋਵੇ, ਗੁਰੂ ਨਾਨਕ ਮਿਹਰ ਕਰਨ!

ਜਿਵੇਂ ਸਿੱਖ ਧਰਮ ਦੀ ਵਿਚਾਰਧਾਰਾ ਬਾਕੀ ਧਰਮਾਂ ਨਾਲੋਂ ਨਿਵੇਕਲੀ ਤੇ ਸਰਵੋਤਮ ਹੈ, ਕੁਝ ਉਸੇ ਤਰ੍ਹਾਂ ਹੀ ਇਸ ਦੇ ਧਰਮ-ਅਸਥਾਨ ਵੀ ਆਪਣੀ ਵੱਖਰੀ ਵਿਸ਼ੇਸ਼ਤਾ ਰੱਖਦੇ ਹਨ। ਸਰਵੋਤਮ ਗੱਲ ਤਾਂ ਇਹ ਹੈ ਕਿ ਹਰ ਧਰਮ ਦੇ ਮੰਦਰ ਦਾ ਦਰਵਾਜ਼ਾ ਕਿਸੇ ਵਿਸ਼ੇਸ਼ ਦਿਸ਼ਾ ਵਲ ਰਖਿਆ ਜਾਂਦਾ ਹੈ, ਪਰ ਗੁਰੂ-ਘਰ ਵਿਚ ਐਸਾ ਨਹੀਂ ਹੈ। ਇਥੇ ਤਾਂ ਮਨੁੱਖ-ਮਾਤਰ ਲਈ ਚਾਰੇ ਪਾਸੇ ਹੀ ਦਰਵਾਜ਼ੇ ਖੁੱਲ੍ਹੇ ਹਨ। ਇਥੇ ਤਾਂ ਉੱਚੀ ਗਰਜਵੀਂ ਆਵਾਜ਼ ਵਿਚ ਕਿਹਾ ਜਾਂਦਾ ਹੈ:

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥ (੧੨੦੧)

ਕੋਈ ਆਵੇ, ਭਾਵੇਂ ਪੱਛਮ ਤੋਂ ਆਵੇ, ਪੂਰਬ ਤੋਂ ਆਵੇ, ਉੱਤਰ ਤੋਂ ਆਵੇ, ਦੱਖਣ ਤੋਂ ਆਵੇ, ਹਰ ਪਾਸੇ ਦਰਵਾਜ਼ਾ ਆਵਾਜ਼ ਦਾ ਪ੍ਰਤੀਕ ਹੈ।

ਦੂਜਾ, ਗੁਰਦੁਆਰੇ ਵਿਚ ਮੂਰਤੀ-ਪੂਜਾ ਨੂੰ ਕੋਈ ਥਾਂ ਨਹੀਂ। ਏਥੇ ਕੇਵਲ ਤੇ ਕੇਵਲ "ਸ਼ਬਦ ਗੁਰੂ" "ਬਾਣੀ ਗੁਰੂ" "ਸਿਰਿ ਸਾਹਾਂ ਦੇ ਸਾਹੁ" ਪਾਤਿਸਾਹੁ, ਤਖਤ ਚਵਰ ਦੇ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਜਿਆ ਜਾਂਦਾ ਹੈ। ਹਾਂ ਜੀ "ਸ਼ਬਦ ਗੁਰੂ" ਅੱਗੇ ਹੀ ਮਸਤਕ ਝੁਕਾਇਆ ਜਾਂਦਾ ਹੈ। ਐਸਾ ਗੁਰੂ ਹਿਰਦੇ ਵਿਚ ਅਭਿਆਸ ਕਰਨ ਨਾਲ ਸਮਾ ਸਕਦਾ ਹੈ। ਤਾਂ ਤੇ ਫਿਰ ਆਪਣਾ ਮਨ ਪ੍ਰਬੋਧ ਕੇ ਵੱਧ ਤੋਂ ਵੱਧ ਪ੍ਰਚਾਰ ਕਰਨ ਲਈ ਕਮਰਕੱਸੇ ਕਰਨੇ ਬਣਦੇ ਹਨ, ਤਾਂ ਕਿ ਗੁਰੂ ਨਾਨਕ ਦੇ ਉਪਦੇਸ਼ਾਂ ਦੀ ਧੁਨ ਸੰਸਾਰ ਦੇ ਹਰ ਮਨੁੱਖ ਦੇ ਕੰਨ ਵਿਚ ਪੈ ਜਾਵੇ। ਪ੍ਰਚਾਰ ਦੀ ਸਖਤ ਲੋੜ ਹੈ। ਇਹ ਨਹੀਂ ਕਿ ਪੇਟ-ਪਾਲੂ ਪ੍ਰਚਾਰਕ ਹੀ ਪ੍ਰਚਾਰ ਕਰਨ, ਨਹੀਂ, ਹਰ ਗੁਰਸਿਖ ਦਾ ਫਰਜ਼ ਬਣਦਾ ਹੈ ਤੇ ਕਰਨਾ ਚਾਹੀਦਾ ਹੈ।

ਤੀਜਾ, ਗੁਰਦੁਆਰੇ ਕੁਲ ਮਖਲੂਕ ਲਈ ਬਗੈਰ ਕਿਸੇ ਕਿਸਮ ਦੇ ਜਾਤ-ਪਾਤ, ਛੂਤ-ਛਾਤ, ਅਮੀਰ-ਗਰੀਬ, ਆਦਿ ਦੇ ਵਿਤਕਰੇ ਦੇ ਸਭ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਬੋਧੀ ਆਦਿ ਲਈ ਖੁੱਲ੍ਹੇ ਹਨ। ਅੱਜ ਵੀ ਕਈ ਧਰਮਾਂ ਵਿਚ ਇਸਤ੍ਰੀ ਅਤੇ ਅਛੂਤ ਕਹੇ ਜਾਣ ਵਾਲੇ ਲੋਕਾਂ ਨੂੰ ਧਰਮ-ਅਸਥਾਨਾਂ ਅੰਦਰ ਜਾਣ ਦੀ ਮਨਾਹੀ ਦਾ



www.AKJ.Org

ਕੁੰਡਾ ਲਟਕ ਰਿਹਾ ਹੈ। ਕੁਝ ਐਸੇ ਧਰਮ-ਅਸਥਾਨ ਹਨ ਜਿਨ੍ਹਾਂ ਵਿਚ ਦੂਜੇ ਧਰਮਾਂ ਦਾ ਅਨੁਯਾਈ ਜਾ ਹੀ ਨਹੀਂ ਸਕਦਾ। ਪਰ ਸਿੱਖ ਧਰਮ ਵਿਚ ਸੰਪੂਰਨ ਖੁੱਲ੍ਹ ਹੈ। ਹਾਂ, ਇਹ ਗੱਲ ਹੈ ਕਿ ਜਾਣ ਵਾਲੇ ਕੋਲ ਸਿਗਰਟ, ਤੰਬਾਕੂ, ਸ਼ਰਾਬ ਆਦਿ ਵਿਵਰਜਤ ਵਸਤੂ ਨਾ ਹੋਵੇ। ਇਕ ਗੱਲ ਹੋਰ ਵੀ ਗੁਰ-ਅਸਥਾਨਾਂ ਵਿਚ ਨਿਵੇਕਲੀ ਨਜ਼ਰੀ ਪੈਂਦੀ ਹੈ ਕਿ ਬਾਕੀ ਧਰਮ-ਅਸਥਾਨ ਵੱਡੀ ਹੱਦ ਤੱਕ ਕੇਵਲ ਪੂਜਾ-ਅਸਥਾਨ ਹੀ ਬਣ ਕੇ ਰਹਿ ਗਏ ਹਨ, ਜਦੋਂ ਕਿ ਗੁਰਦੁਆਰਿਆਂ ਵਿਚ ਹਰ ਰੋਜ਼ ਅਧਿਆਤਮਕ ਤੇ ਆਤਮਿਕ ਉਪਦੇਸ਼ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ "ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ ਹੈ, ਆਤਮਿਕ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਅਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁਖਿਆਂ ਲਈ ਅੰਨ-ਪੂਰਣਾ, ਇਸਤ੍ਰੀ-ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ (ਕਿਲ੍ਹਾ) ਅਤੇ ਮੁਸਾਫਰਾਂ ਲਈ ਵਿਸਰਾਮ ਦਾ ਅਸਥਾਨ ਹੈ।"

ਪਰ ਇਹ ਸਭ ਅੱਜ ਕਿਥੇ ਹੈ ? ਪੰਥ ਦੇ ਵਾਰਸੋ ! ਅੱਖੀਆਂ ਚਿ ਅੱਥਰੂ ਭਰਦਾ ਹੋਇਆ ਮੈਂ ਛੋਟੀ ਜਿਹੀ ਉਮਰ ਵਾਲਾ ਲਿਖਾਰੀ ਅੱਜ ਤੁਸਾਂ ਤੋਂ ਪੁਛਦਾ ਹਾਂ ਕਿ ਇਹ ਸਭ ਕੁਝ ਤੁਸੀਂ ਕਿਥੇ ਲੁਕੋ ਲਿਆ ਹੈ ? ਮੈਨੂੰ ਅੱਜ ਕੁਝ ਕੁ ਗੁਰਦੁਆਜਿਆਂ ਤੋਂ ਛੁੱਟ ਹੋਰ ਕਿਸੇ ਵਿਚ ਇਹ ਉਪਰੋਕਤ ਭਾਈ ਕਾਨ੍ਹ ਸਿੰਘ ਜੀ ਹੋਰਾਂ ਵਾਲਾ "ਬਿਉਰਾ" ਨਹੀਂ ਨਜ਼ਰੀਂ ਪੈਂਦਾ। ਜ਼ਰਾ ਦੱਸਣ ਦਾ ਉਪਕਾਰ ਕਰਨਾ।

ਐ ਗੁਰੂ ਨਾਨਕ ਦੇ ਸਿਖੋ ! ਦਸਮੇਸ਼ ਦੇ ਸਿੰਘੋ ! ਅੱਜ ਕਾਰ ਸੇਵਾ ਵਾਲੇ ਬਾਬਿਆਂ ਨੇ ਸੰਗਤਾਂ ਦੇ ਸਹਿਯੋਗ ਨਾਲ ਬੇਸ਼ੁਮਾਰ ਗੁਰਦੁਆਰੇ ਬਣਾ ਦਿਤੇ ਹਨ। ਕਿਸੇ ਹੱਦ ਤੱਕ "ਘਰ ਘਰ ਅੰਦਰਿ ਧਰਮਸਾਲ" ਵਾਲਾ ਫ਼ੁਰਮਾਨ ਵੀ ਸੱਚ ਸਾਬਤ ਹੋ ਰਿਹਾ ਹੈ। ਬੇਸ਼ੁਮਾਰ ਸੰਗਤਾਂ ਧਰਮ-ਅਸਥਾਨਾਂ ਤੇ ਦਿਨ ਰਾਤ ਜੁੜਦੀਆਂ ਹਨ, ਪ੍ਰੰਤੂ ਸੱਚੇ ਆਚਾਰ ਦੁਆਰਾ ਘੜੀ ਗਈ ਤਸਵੀਰ ਉਹ ਨਜ਼ਰੀਂ ਨਹੀਂ ਪੈ ਰਹੀ ਜੋ ਬਾਬਾ ਜੀ ਅਨੁਸਾਰ ਨਜ਼ਰੀ ਆਉਣੀ ਚਾਹੀਦੀ ਸੀ। ਇਹ ਅਵਸਥਾ ਅਤੀ ਚਿੰਤਾ-ਜਨਕ ਤੇ ਦੁਖ ਭਰਪੂਰ ਹੈ। ਜੇ ਗੁਰਦੁਆਰੇ ਵਿਚ ਜਾ ਕੇ ਵੀ ਸੰਪੂਰਨ ਮਨੁੱਖ ਦੀ ਸਾਜਨਾ ਨ ਹੋਵੇ ਤਾਂ......। ਬਾਕੀ ਰਹੀ ਗੱਲ ਕਿ "ਗੁਰਦੁਆਰੇ" ਸਾਨੂੰ ਕਰਨਾ ਕੀ ਚਾਹੀਦਾ ਹੈ ? ਸ੍ਰੀ ਗੁਰੂ ਅਰਜਨ ਦੇਵ ਜੀ ਮਿੱਠੇ ਬਚਨਾਂ ਦੁਆਰਾ ਸੇਧ ਦਿੰਦੇ ਹਨ—ਗੁਰਸਿਖੋ !

> ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
> ਕਲਿ ਕਲੇਸ ਮਿਟਾਏ ਸਤਿਗੁਰੁ, ਹਰਿ ਦਰਗਹ ਦੇਵੈ ਮਾਨਾਂ ਹੇ ॥੪॥
>
> [ਮਾਰੂ ਮ: ੫, ਪੰਨਾ ੫੦੭੫

ਅੱਜ ਉਦੋਂ ਦੁਖ ਹੁੰਦਾ ਹੈ, ਜਦੋਂ ਅਸੀਂ ਤਨੋਂ ਮਨੋਂ, ਚਿਤ-ਬਿਰਤੀਆਂ ਇਕਾਗਰ ਕਰ ਕੇ ਨਾ ਹਾਜ਼ਰੀ ਭਰਦੇ ਹਾਂ, ਨਾ ਕੀਰਤਨ ਸੁਣਦੇ ਹਾਂ, ਨਾ ਕਥਾ ਸੁਣਦੇ ਹਾਂ, ਨਾ ਮੱਥਾ ਹੀ ਸਤਿਕਾਰ ਨਾਲ ਟੇਕਦੇ ਹਾਂ, ਵਗਾਹ ਕੇ ਭੇਟਾ ਗੁਰੂ ਅੱਗੇ ਮਾਰਦੇ ਹਾਂ। ਇਉਂ ਸਾਡੇ ਕਲਿ-ਕਲੇਸ਼ ਨਹੀਂ ਨਾਸ਼ ਹੋ ਸਕਦੇ, ਸਗੋਂ ਭਟਕਣਾ "ਇਕ ਭਾਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ" (੭੮੯) ਦੇ ਫ਼ੁਰਮਾਨ ਅਨੁਸਾਰ ਦਿਨ-ਬ-ਦਿਨ ਦੁਗਣੀ ਹੁੰਦੀ ਜਾਂਦੀ ਹੈ।

ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਗਿਆ ਹੈ। ਗੁਰੂ ਦਵਾਰੇ ਦੀ ਮਹਾਨਤਾ ਨੂੰ ਉਨ੍ਹਾਂ ਨੇ ਆਪਣੀ ਬਾਣੀ ਵਿਚ ਉਜਾਗਰ ਕੀਤਾ ਹੈ। ਉਹ ਕਹਿੰਦ ਹਨ ਕਿ ਐ ਮਨੁੱਖ ! ਬਾਹਰੋਂ ਵਿਸ਼ੇ ਵਿਕਾਰਾਂ ਤੋਂ ਮਨ ਨੂੰ ਹੋੜਨ ਲਈ ਤਾਂ ਗੁਰਦੁਆਰੇ ਦਾ ਆਸਰਾ ਲਈਦਾ ਹੈ,ਪਰ ਇਥੇ ਵੀ ਜੇ ਵਿਕਾਰ ਤੇਰਾ ਪਿੱਛਾ ਨ ਛੱਡਣ ਤਾਂ ਤੇਰੇ ਲਈ ਹੋਰ ਕੋਈ ਐਹੋ ਜਿਹਾ ਦਰਵਾਜ਼ਾ ਖੜਕਾਉਣ ਵਾਸਤੇ ਨਹੀਂ ਹੈ। ਭਾਈ ਸਾਹਿਬ ਦਾ ਬਚਨ ਹੈ—

> ਬਾਹਰਿ ਕੀ ਅਗਨਿ ਬੁਝਤ ਜਲ ਸਰਿਤਾ (ਨਦੀ) ਕੈ, ਨਾਉ (ਬੇੜੀ) ਅਗਨਿ ਲਾਗੈ ਕੈਸੇ ਕੈ ਬੁਝਾਈਐ ॥
> ਬਾਹਰਿ ਸੈ ਭਾਗਿ ਓਟ ਲੀਜੀਅਤ ਕੋਟ ਗੜ੍ਹ, ਗੜ੍ਹ ਮੈ ਜੋ ਲੂਟ ਲੀਜੈ ਕਹੋ ਕਤ ਜਾਈਐ ॥
> ਚੋਰਨ ਕੈ ਤ੍ਰਾਸ ਜਾਇ ਸ਼ਰਨਿ ਗਹੈ ਨਰਿੰਦ, ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ॥
> **ਮਾਯਾ ਡਰ ਡਰਪਤ ਹਾਰਿ ਗੁਰਦੁਆਰਿ ਜਾਵੈ, ਤਹਾਂ ਜਉ ਮਾਯਾ ਬਿਆਪੈ ਕਹਾਂ ਠਹਰਾਈਐ ॥੫੪੪॥**


www.AKJ.Org

ਗੁਰਦੁਆਰੇ ਦੀ ਸਾਂਭ-ਸੰਭਾਲ ਵੀ ਬੜੀ ਜ਼ਰੂਰੀ ਹੈ। ਇਸ ਸੇਵਾ-ਸੰਭਾਲ ਲਈ ਕਿੰਨਾ ਚੰਗਾ ਹੋਵੇ ਜੇ ਗੁਰਦੁਆਰੇ ਦੇ ਸੇਵਕਾਂ, ਗ੍ਰੰਥੀਆਂ, ਤੇ ਚੌਧਰ ਦੇ ਭੁੱਖੇ ਪ੍ਰਬੰਧਕਾਂ ਦੀ ਅਵਸਥਾ ਸਤਿਗੁਰੂ ਦੀ ਭੈ-ਭਾਵਨੀ ਵਾਲੀ ਹੋ ਜਾਵੇ, ਗੁਰਦੁਆਰੇ ਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿਣ ਦੇ ਸੁਭਾਗ ਸਦਕਾ, "ਸੇਵਾ ਭਾਵਨੀ" ਵਾਲੀ ਹੋ ਜਾਵੇ ਤਾਂ ਫਿਰ ਸਮਝ ਲਓ ਗੁਰ-ਅਸਥਾਨ ਆਪਣੇ ਮਿਸ਼ਨ ਦੀ ਪੂਰਤੀ ਕਰ ਰਹੇ ਹਨ। ਪ੍ਰੰਤੂ ਜੇ ਕਾਅਬੇ ਵਿਚੋਂ ਹੀ, ਭਾਵ, ਰੱਬ ਦੇ ਘਰ ਵਿਚੋਂ ਹੀ ਕੁਫ਼ਰ ਸਿਰ ਚੁਕ ਲਵੇ ਤਾਂ ਮੁਸਲਮਾਨੀ ਕਿੰਨੇ ਕੁ ਦਿਨਾਂ ਦੀ ਪ੍ਰਾਹੁਣੀ ਸਮਝੀ ਜਾਵੇਗੀ।

ਚੂ ਕੁਫ਼ਰ ਅਜ਼ ਕਾਅਬਾ ਬਰਖ਼ੇਜ਼ਦ ਕੁਜਾ ਮਾਨਦ।

ਇਹ ਗੱਲ ਬਿਲਕੁਲ ਖੋਜ ਦੀ ਮੁਥਾਜ ਨਹੀਂ, ਜੇ ਸਿਖ ਗੁਰਦੁਆਰਿਆਂ ਦੀ ਦੇਖ-ਰੇਖ ਗੁਰਮਤਿ ਦੇ ਨਿਯਮਾਂ ਅਨੁਸਾਰ ਹੋ ਜਾਵੇ ਤਾਂ ਸਿੱਖ ਧਰਮ ਦਾ ਪ੍ਰਚਾਰ, ਅਨਾਥਾਂ ਦਾ ਪਾਲਨ ਤੇ ਭਾਈ ਕਾਨ੍ਹ ਸਿੰਘ ਜੀ ਵਲੋਂ ਗੁਰਦੁਆਰੇ ਸੰਬੰਧੀ ਉਚਾਰੇ ਸ਼ਬਦ ਅੱਖਰ ਅੱਖਰ ਸਿਧ ਹੋ ਸਕਦੇ ਹਨ। ਗੁਰਦੁਆਰਿਆਂ ਦੀ ਦੇਖ ਰੇਖ ਵਿਚ ਹੀ ਪੰਥ ਦੀ ਚੜ੍ਹਦੀ ਕਲਾ ਹੈ। ਇਹ ਗੱਲ ਯਕੀਨੀ ਮੰਨਣ ਯੋਗ ਹੈ ਕਿ ਗੁਰਦੁਆਰੇ ਦਾ ਧੁਰਾ "ਗ੍ਰੰਥੀ ਸਾਹਿਬ" ਜਾਂ "ਧਰਮਸਾਲੀਆ" ਹੁੰਦਾ ਹੈ। ਜਿੰਨਾ ਚਿਰ ਅਕਾਲ ਦੇ ਨਿਰਮਲ ਭੈ ਤੇ ਸੱਚੇ ਸੁਚੇ ਆਚਾਰ ਦੇ ਧਾਰਨੀ ਵਿਦਵਾਨ ਮਿਸ਼ਨਰੀ, ਗੁਰੂ ਤੋਂ ਵਾਰੇ ਵਾਰੇ ਜਾਣ ਵਾਲੇ, ਬਾਬਾ ਬੁੱਢਾ ਜੀ ਦੇ ਨਕਸ਼ੇ-ਕਦਮਾਂ ਉਤੇ ਚਲਣ ਵਾਲੇ ਸੰਤੋਖੀ ਗ੍ਰੰਥੀ ਸਾਹਿਬਾਨ, ਪੰਥ ਤਿਆਰ ਨਹੀਂ ਕਰਦਾ ਉਨਾ ਚਿਰ ਧਰਮ ਪ੍ਰਚਾਰ ਦੀ ਗੱਲ ਕਰਨਾ ਹਵਾ ਵਿਚ ਤਲਵਾਰ ਘੁਮਾਉਣ ਵਾਂਗੂ ਹੋਵੇਗਾ। ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਚਾਹੀਦਾ ਹੈ ਕਿ ਉਹ "ਸ਼ਹੀਦ ਸਿਖ ਮਿਸ਼ਨਰੀ ਕਾਲਜ" ਸ੍ਰੀ ਅੰਮ੍ਰਿਤਸਰ ਦੀ ਬਿਲਡਿੰਗ ਨੂੰ ਵਧਾਵੇ ਤੇ ਉਥੇ ਪ੍ਰਚਾਰਕਾਂ ਦੀ ਗਿਣਤੀ ਨੂੰ ਦੁਗਣਾ ਕਰੇ, ਤਾਂ ਜੁ ਸੰਤੋਖੀ ਤੇ ਮਿਸ਼ਨਰੀ ਗ੍ਰੰਥੀ ਸਾਹਿਬਾਨ ਵਧ ਤੋਂ ਵਧ ਪੈਦਾ ਕੀਤੇ ਜਾਣ। ਇਸ ਪਾਸੇ ਸਮੂਹ ਟਕਸਾਲਾਂ ਤੇ ਗੁਰਮਤਿ ਸਭਾਵਾਂ ਨੂੰ ਵੀ ਧਿਆਨ ਦੇਣਾ ਚਾਹੀਦਾ ਹੈ। ਸਤਿਕਾਰਯੋਗ ਕਾਰ ਸੇਵਾ ਵਾਲੇ ਬਾਬਿਆਂ ਨੂੰ ਵੀ ਇਸ ਪਾਸੇ ਯੋਗਦਾਨ ਪਾਉਣਾ ਚਾਹੀਦਾ ਹੈ, ਨਹੀਂ ਤਾਂ ਮਹਿਲ ਖੜੇ ਕਰਨ ਦਾ ਪੰਥ ਨੂੰ ਕੋਈ ਲਾਭ ਨਹੀਂ, ਜੇ ਉਥੇ ਸਿੱਖੀ-ਉਪਦੇਸ਼ ਦੀ ਥਾਂ ਚਿੜੀਆਂ ਕਬੂਤਰਾਂ ਦੀਆਂ ਹੀ ਆਵਾਜ਼ਾਂ ਸੁਣਦੀਆਂ ਰਹਿਣ। ਐਸਾ ਕਰਨ ਨਾਲ ਹੀ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਪ੍ਰਚਾਰ ਹੋ ਸਕਦਾ ਹੈ, ਨਹੀਂ ਤਾਂ ਮੇਰੇ ਵਰਗਾ ਛੋਟੀ ਜਿਹੀ ਉਮਰ ਵਾਲਾ ਲੇਖਕ ਐਵੇਂ ਕਲਮ ਨਾਲ ਵਰਕੇ ਹੀ ਕਾਲੇ ਕਰ ਸਕਦਾ ਹੈ, ਜਿਸਦਾ ਕੋਈ ਲਾਭ ਨਹੀਂ, ਬਿਨਾਂ ਕਲਮ ਘਸਾਉਣ ਤੋਂ।

---


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਕਥਾ ਕੀਰਤਨ | ੧੬-੦੦ | ਅਣਡਿਠੀ ਦੁਨੀਆ | ੧੯-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ | ੩-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕਲਾ | ੧-੫੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |




www.AKJ.Org

# ਇਹੋ ਧਰਮ ਇਹੋ ਹੈ ਰਸਤਾ

[ਸ: ਅਤਰ ਸਿੰਘ ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ-14, ਰੋਹਣੀ, ਦਿੱਲੀ-85]

ਵਿਦਿਆ ਬੇਸ਼ਕ ਬਹੁਤ ਹੈ ਚੰਗੀ ਪਰ ਜੇ ਨਹੀਂ ਵੀਚਾਰੀ।
ਕੀਤੀ ਕਤਰੀ ਗਈ ਖੂਹ ਵਿਚ ਮੇਹਨਤ ਹੋਈ ਨਕਾਰੀ।

ਝਖੜ ਮਨਿ ਹੰਕਾਰ ਦੇ ਝੁਲਦੇ, ਨਾਸਾਂ ਰਹਿੰਦੀਆਂ ਫੂੰਡੀਆਂ। ਬਗਲੇ ਵਾਂਗੂ ਮੀਚੀਆਂ ਅੱਖੀਆਂ, ਚੁੰਜਾਂ ਐਪਰ ਟੁੰਡੀਆਂ।
ਚਲੇ ਬੱਚੇ ਵਿਦਿਆਲੇ ਚੋਂ, ਕਰ ਕੇ ਖ਼ਤਮ ਪੜ੍ਹਾਈ। ਦਿੱਤੀ ਮੁਰਸ਼ਦ ਉਨ੍ਹਾਂ ਦੇ ਸਭ ਨੂੰ ਆਖ਼ਰ ਦੀ ਵਿਦਾਈ।

ਜਾਂਦਿਆਂ ਜਾਂਦਿਆਂ ਘਰ ਨੂੰ, ਰਾਹ ਵਿਚ ਪਾਈ ਜਾਣ ਬਾਤਾਂ। ਚੰਗੀ ਹੋਈ ਪੜ੍ਹਾਈ ਸਾਡੀ ਸਫਲ ਹੋਈਆਂ ਪ੍ਰਭਾਤਾਂ।
ਹਰ ਮਸਲਾ ਤੇ ਹਰ ਸਬਕ ਉਸਤਾਦ ਸਾਨੂੰ ਸਮਝਾਇਐ। ਹਰ ਇਕ ਗੁੰਝਲ ਖੋਲ੍ਹੀ ਉਸਨੇ, ਬੜਾ ਹੀ ਕਰਮ ਕਮਾਇਐ।
ਇਕ ਗੱਲ ਦੀ ਪਰ ਥੋੜ ਉਸ ਰਖੀ, ਬੜੀ ਹੈ ਇਹ ਉਕਾਈ। ਧਰਮ ਦੇ ਬਾਰੇ ਕੁਝ ਨਹੀਂ ਪੁਛਿਆ, ਨਾ ਕੋਈ ਗੱਲ ਚਲਾਈ।
ਧਰਮ ਦੇ ਤਾਈਂ ਜਾਣਨਾ ਬੁਝਣਾ, ਬੜਾ ਹੀ ਹੈ ਜ਼ਰੂਰੀ। ਧਰਮ ਦੇ ਗਿਆਨ ਦੇ ਬਾਝੋਂ ਬੰਦਾ, ਜਿਉਂ ਲਕੜੀ ਦੀ ਬੂਰੀ।
ਬਿਨਾਂ ਧਰਮ ਦੇ ਜ਼ਿੰਦਗੀ ਥੋਥੀ, ਬੇਹਿਸ ਹੈ ਤੇ ਕੋਰੀ। ਖ਼ਾਲੀ ਖ਼ਾਲੀ ਸਖਣੀ ਸਖਣੀ, ਜਿਉਂਕਰ ਬਾਂਸ ਦੀ ਪੋਰੀ।

ਗੱਲਾਂ ਕਰਦੇ ਜਾਂਦੇ ਰਾਹ ਵਿਚ, ਧਰਤੀ ਐਸੀ ਆਈ। ਜਿਸ ਦੇ ਉਤੇ ਕੰਡੇ ਖਿਲਰੇ, ਮੁਸ਼ਕਲ ਆਵਾ-ਜਾਈ।
ਇਧਰੋਂ ਉਧਰੋਂ ਲੈ ਕੇ ਲੰਘ ਗਏ, ਸਾਰੇ ਟਪ-ਟਪਾ ਕੇ। ਇਕ ਦੂਏ ਨੂੰ ਆਖਣ ਆ ਜਾਓ, ਅਪਣਾ ਆਪ ਬਚਾਅ ਕੇ।
ਇਕ ਸਾਥੀ ਪਰ ਖੜ ਗਿਆ ਪਿਛੇ, ਉਸਨੂੰ ਉਨ੍ਹਾਂ ਕਹਿਆ। ਤੂੰ ਵੀ ਆ ਜਾ ਸਾਡੇ ਵਾਂਗੂ, ਕਾਹਨੂੰ ਪਿਛੇ ਰਹਿਆ
ਸੁਣ ਉਨ੍ਹਾਂ ਦੀਆਂ ਕਹੇ ਉਨ੍ਹਾਂ ਨੂੰ, ਧਿਆਨ ਕਰੋ ਤੁਸੀਂ ਸਾਰੇ। ਲੰਘ ਕੇ ਏਥੋਂ ਤੁਸਾਂ ਸਾਰਿਆਂ, ਕਿਹੜੇ ਕਿਲ੍ਹੇ ਉਸਾਰੇ।
ਖ਼ੁਦਗ਼ਰਜ਼ੀ ਦੀ ਖੇਡ ਚਾਲ ਹੈ ਤੁਸਾਂ ਸਾਰਿਆਂ ਚਲੀ। ਚੰਗੀ ਸੋਚ ਨਾ ਸੋਚੀ ਕੋਈ, ਨਹੀਂ ਗੱਲ ਕੀਤੀ ਭਲੀ।
ਰਸਤੇ ਵਿਚ ਇਹ ਕੰਡੇ ਖਿਲਰੇ, ਦੂਜਿਆਂ ਲਈ ਦੁਖਦਾਈ। ਕੁਝ ਨਹੀਂ ਕੀਤਾ ਤੁਸਾਂ ਉਨ੍ਹਾਂ ਲਈ, ਅਪਣੀ ਜਾਨ ਬਚਾਈ।
ਸੋਚਿਆ ਕੁਝ ਨਹੀਂ ਤੁਸਾਂ ਮੂਲੋਂ ਹੀ, ਕੀਤਾ ਨਹੀਂ ਕੁਝ ਚਾਰਾ। ਪਿਆ ਰਵ੍ਹੇਗਾ ਇਹ ਨਿਕੰਮਾ, ਹੋਰਾਂ ਲਈ ਖਿਲਾਰਾ।
ਬੰਦਾ ਉਹ ਜੋ ਦੂਜਿਆਂ ਦਾ ਵੀ, ਸੋਚੇ ਸਮਝੇ ਭੱਲਾ। ਔਕੜਾਂ ਮੁਸ਼ਕਲਾਂ ਸਭ ਹਟਾ ਕੇ, ਰਸਤਾ ਕਰੇ ਸੁਖੱਲਾ।
ਮੈਂ ਚਲਾਂਗਾ ਏਥੋਂ ਅਗੇ, ਕੰਡੇ ਸੱਭ ਹਟਾ ਕੇ। ਹੋਰਨਾਂ ਆਵਣ ਵਾਲਿਆਂ ਦੇ ਲਈ, ਰਸਤਾ ਸਾਫ਼ ਬਣਾ ਕੇ।

ਇਹ ਸੁਣ ਬੋਲਿਆ ਝਾੜੀਆਂ ਪਿਛੋਂ, ਉਸਤਾਦ ਉਨ੍ਹਾਂ ਦਾ ਸੱਚਾ। ਤੁਹਾਡੇ ਸਾਰਿਆਂ ਵਿਚੋਂ ਹੋਇਆ, ਪਾਸ ਸਿਰਫ਼ ਇਹ ਬੱਚਾ।
ਰਾਹ ਚਿ ਕੰਡੇ ਸੁਟਕੇ ਮੈਂ ਸੀ ਸੁਆਲ ਤੁਹਾਨੂੰ ਪਾਇਆ। ਕੀ ਹੈ ਧਰਮ ਅਸਲ ਵਿਚ ਦਸੋ, ਜੁਆਬ ਸਿਰਫ਼ ਇਹ ਆਇਆ।
ਦੂਜਿਆਂ ਦੇ ਰਾਹਾਂ ਚਿ ਖਿਲਰੇ ਕੰਡੇ, ਚੁਕ ਚੁਕ ਪਰੇ ਹਟਾਣਾ। ਸੱਚ ਦੇ ਰਾਹ ਤੇ ਚਲਦੇ ਹੋਏ ਦਾ, ਹੁੰਦਾ ਇਹੋ ਨਿਸ਼ਾਨਾ।
ਗੁਰ ਨਾਨਕ ਦਾ ਇਹ ਫ਼ਲਸਫ਼ਾ ਜਿਹੜੇ ਮਨਿ ਵਸਾਂਦੇ। ਲੋਕ-ਨਿਗਾਹਾਂ ਵਿਚ ਹਮੇਸ਼ਾ, ਉਹ ਸਤਿਕਾਰੇ ਜਾਂਦੇ।
ਇਹੋ ਧਰਮ, ਇਹੋ ਹੈ ਰਸਤਾ, ਸਾਂਝ ਪ੍ਰਭੂ ਨਾਲ ਬਣਦੀ। ਲੋਕ-ਸੇਵਾ ਚੋਂ ਲਭੇ ਨਿਮ੍ਰਤਾ, ਹਉਮੈ ਰਵ੍ਹੇ ਛਣਦੀ।
ਖ਼ਲਕਤ ਦੇ ਵਿਚ ਖ਼ਾਲਕ ਵਸਦਾ, ਆਵਣ ਪ੍ਰੇਮ-ਹੁਲਾਰੇ। ਕੰਡੇ ਚੁਣ ਕੇ ਰਸਤੇ ਨੂੰ ਜੋ, ਦੂਜਿਆਂ ਲਈ ਸੰਵਾਰੇ।
ਉਹ ਹੈ ਪਾਂਧੀ ਸੱਚ ਅਸਲ ਦਾ, ਸੁਅੱਛ ਹੈ ਉਸ ਦੀ ਕਰਣੀ। ਸਫਲੀ ਹੁੰਦੀ ਜ਼ਿੰਦਗੀ ਉਹਦੀ, ਤਰ ਲੈਂਦਾ ਉਹ 'ਤਰਣੀ'।
ਇਹ ਉਹੋ ਹੀ ਕਰ ਸਕਦਾ ਹੈ, ਜੋ ਕਰਦਾ ਰਹਿੰਦਾ ਚਾਰਾ। ਨਾਲ ਪਿਆਰੇ ਪ੍ਰਭੂ ਦੇ ਉਹ ਹੈ, ਪਾ ਲੈਂਦਾ ਭਾਈਚਾਰਾ।
ਜਿਨ੍ਹਾਂ ਨੇ ਕੀਤੀ ਮਿਹਨਤ ਹੋਵੇ, ਚਲ ਕੇ ਪ੍ਰਭੂ ਦੇ ਪਾਸੇ। ਭਰ ਲੈਂਦੇ ਨੇ 'ਨੀਰ' ਉਹੋ ਹੀ, ਸਖਣੇ ਮਨ ਦੇ ਕਾਸੇ।



www.AKJ.Org

ਗਿਆਨੀ ਗੋਪਾਲ ਸਿੰਘ ਜੀ ਮਿਤਰ, ਗੁੜਗਾਉਂ ਲਿਖਤ—

# ਸਿਦਕੀ ਸਿੰਘ

ਗੁਰੂ ਆਸਰੇ ਠੇਲ੍ਹ ਦਿਤੈ, ਉਸ ਬੇੜਾ ਸ਼ਹੁ-ਦਰਿਆ ਦੇ ਅੰਦਰ ।
ਆਪੇ ਪਾਰ ਕਰੇਗਾ, ਜਿਸ ਨੇ ਰਖਿਆ ਹੋਇਐ ਰਜ਼ਾ ਦੇ ਅੰਦਰ ।
ਕਪਰਾਂ ਦੀ ਨਾ ਚਿੰਤਾ ਏ, ਨਾ ਫ਼ਿਕਰ ਕੋਈ ਤੂਫ਼ਾਨਾਂ ਦਾ;
ਸਿਦਕ-ਭਾਵਨਾ ਹੱਦਾਂ ਟਪ ਕੇ, ਪੁੱਜੀ ਰੰਗ ਸੁਦਾਅ ਦੇ ਅੰਦਰ ।

ਪਤਣ ਤੇ ਵੀ ਅਪ ਖਲੋਤੇ, ਬੇੜੇ ਦੀਆਂ ਉਡੀਕਾਂ ਅੰਦਰ ।
ਲਾਈਟ-ਹਾਊਸ ਬਣ ਚਾਨਣ ਦੇਂਦਾ, ਦਿਸੇ ਜਲ-ਅਸਗਾਹ ਦੇ ਅੰਦਰ ।
ਪਾਰ ਕਰੇ ਜਾਂ ਡੋਬੇ ਉਸ ਨੂੰ, ਫ਼ਿਕਰ ਨਹੀਂ ਇਕ ਰੱਤੀ ਭਰ ਵੀ;
ਉਹ ਤੇ ਲੱਗਾ ਏ ਬਸ 'ਮਿੱਤਰ', ਉਸ ਦੀ ਸਿਫ਼ਤ-ਸਨਾਅ ਦੇ ਅੰਦਰ ।

## ਗ਼ਜ਼ਲ

ਇਹ ਦਿਲ ਚਿ ਤਮੰਨਾ ਉਠੀ ਏ, ਇਕ ਯਾਦ ਤੇਰੀ ਬਸ ਯਾਦ ਰਹੇ ।
ਹਿਰਦੇ ਦੀ ਝੁੱਗੀ ਵਿਚ ਵਸਿਆ, ਇਹ ਘਰ ਤੇਰਾ ਅਬਾਦ ਰਹੇ ।
ਸੀਨੇ ਵਿਚ ਤੇਰੀ ਸਿੱਕ ਰਹੇ, ਜਿਹਵਾ 'ਤੇ ਤੇਰਾ ਜਾਪ ਰਹੇ;
ਇਸ ਮਸਤੀ ਅੰਦਰ ਜੀਵਨ ਦਾ, ਆਉਂਦਾ ਅਸਚਰਜ ਸੁਆਦ ਰਹੇ ।
ਇਉਂ ਜਾਮ ਨਾਮ ਦਾ ਪੀ ਕੇ ਮੈਂ, ਮਖ਼ਮੂਰ ਅਤੇ ਸਰਸ਼ਾਰ ਰਵ੍ਹਾਂ;
ਨਾਸ਼ਾਦ ਜਗਤ ਵਿਚ ਰਹਿ ਕੇ ਵੀ, 'ਮਿਤਰ' ਦਿਲ ਮੇਰਾ ਸ਼ਾਦ ਰਹੇ ।
ਇਹ ਭੂਤ ਭਵਿਖ ਤੇ ਵਰਤਮਾਨ ਬਸ, ਤੇਰਾ ਇਕ ਝਲਕਾਰਾ ਏ;
ਤੂੰ ਸੈਂ, ਤੂੰ ਹੈਂ, ਤੂੰ ਹੋਣਹਾਰ, ਇਹ ਦਿਲ ਦੇ ਵਿਚ ਏਤਕਾਦ ਰਹੇ ।
ਇਸ ਮੋਹ ਫਾਸ ਚੋਂ ਕਢ ਕੇ ਤੇ, ਦਾਤਾ ਦੇ ਅਪਣੀ ਚਰਨ ਸ਼ਰਨ;
ਇਹ ਯਾਦ ਦਾ ਅਖਰ ਹੀ ਸੀਨੇ ਤੇ, ਇਉਂ ਲਿਖਿਆ ਆਦਿ ਜੁਗਾਦਿ ਰਹੇ ।

## ਗ਼ਜ਼ਲ

ਪ੍ਰੀਤਮ ਦੀ ਦੀਦਾਰ-ਸਿੱਕ, ਦਿਲ-ਗੋਸ਼ੇ ਅੰਦਰ ਬਹਿ ਗਈ ਏ ।
ਝਾਤ ਪਾਏਗਾ ਕਦ ਉਹ ਆ ਕੇ ਇਹੀ ਤਮੰਨਾ ਰਹਿ ਗਈ ਏ ।
ਦਰਸ਼ਨ ਇੱਛਾ ਹੀ ਮੈਨੂੰ, ਇਸ ਬੁੱਤ ਅੰਦਰ ਲੈ ਆਈ ਏ;
ਪੋਚੀ ਹਿਰਦੇ ਦੀ ਪੱਟੀ 'ਤੇ, ਲੀਕ ਯਾਦ ਦੀ ਵਹਿ ਗਈ ਏ ।
ਰਸ-ਝਰਨਾਟਾਂ ਛੇੜ ਰਹੀ ਏ, ਮਿੱਠੀ ਯਾਦ ਪਿਆਰੇ ਦੀ;
ਪੀੜ ਹਿਜਰ ਦੀ ਨੂੰ ਜਿੰਦੜੀ ਹੁਣ, ਸਹਿੰਦੀ ਸਹਿੰਦੀ ਸਹਿ ਗਈ ਏ ।
ਇੰਤਜ਼ਾਰ ਦਾ ਇਕ ਪਲ ਵੀ, ਸਹਿ ਜਾਣਾ ਮਿੱਤਰ ਔਖਾ ਏ ।
ਜਾਪੇ ਕੰਧ ਵਿਛੋੜੇ ਦੀ, ਹੁਣ ਢਹਿੰਦੀ ਢਹਿੰਦੀ ਢਹਿ ਗਈ ਏ ।
ਅਹੁ ਆਇਆ, ਅਹੁ ਆਇਆ ਸਈਓ, ਦਿਲ ਅਥਰਾ ਅਜ ਮਚਲ ਰਿਹੈ ।
ਭਰੀ ਸੁਗੰਧੀ ਵਾਯੂ ਵੀ, ਅਜ ਜਾਂਦੀ ਜਾਂਦੀ ਕਹਿ ਗਈ ਏ ।



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੩੦)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

## ਜ਼ਕਰੀਆ ਖ਼ਾਨ ਪਾਸੋਂ ਖ਼ਰਾਜ ਲੈਣ ਦਿੱਲੀ ਦੀ ਫ਼ੌਜ ਦਾ ਆਉਣਾ—

ਜ਼ਕਰੀਆ ਖ਼ਾਨ ਨੇ ਜ਼ੁਲਮ ਜਬਰ ਦਾ ਝਖੜ ਦੇਸ ਤੇ ਝੁਲਾਇਆ ਹੋਇਆ ਸੀ। ਇਸ ਵਿਚੋਂ ਉਸ ਦੇ ਪੱਲੇ ਤਾਂ ਕੁਝ ਨਾ ਪਿਆ, ਲੋਕਾਂ ਦੀ ਆਰਥਕ ਹਾਲਤ ਤਬਾਹ ਹੋ ਗਈ। ਚਾਰ ਚੁਫੇਰੇ ਬਾਖਲਾ ਬਾਬਲਾ ਪਈ ਹੋਵੇ। ਉਹ ਆਪਣੀ ਹੈਂਕੜ ਪੁਜਾਉਣ ਬਦਲੇ, ਕਿ ਸਿੱਖਾਂ ਦਾ ਸਿਰ ਉਸ ਨੇ ਕੁਚਲ ਦਿੱਤਾ ਹੈ, ਦਿੱਲੀ ਸਰਕਾਰ ਦੀ ਖ਼ੁਸ਼ਨੂਦੀ ਹਾਸਲ ਕਰਨ ਲਈ, ਦੇਸ ਦੇ ਹੋਰ ਕਾਰ ਵਿਹਾਰ ਛੱਡ ਕੇ, ਸਿੱਖਾਂ ਦੇ ਮਗਰ ਪਿਆ ਹੋਇਆ ਸੀ। ਖੇਤੀ ਬਾੜੀ ਤੇ ਵਪਾਰ ਬੰਦ ਹੋ ਗਿਆ, ਖ਼ਜ਼ਾਨਾ ਗਸ਼ਤੀ ਫ਼ੌਜਾਂ ਚੱਟ ਗਈਆਂ। ਪਰਜਾ ਜਦ ਭੁੱਖੀ ਮਰਨ ਲੱਗੀ ਤਾਂ ਸਰਕਾਰੀ ਹਾਲਾ ਕਿਵੇਂ ਉੱਘਰੇ। ਸਿਪਾਹੀਆਂ ਦੀਆਂ ਤਨਖ਼ਾਹਾਂ ਵੀ ਨਾ ਤਰਨ, ਉਨ੍ਹਾਂ ਜ਼ਿਮੀਦਾਰਾਂ ਨੂੰ ਮਾਰ-ਕੁਟ ਕਰ ਕੇ ਉਲਟਾ ਆਪਣਾ ਵੈਰੀ ਬਣਾ ਲਿਆ। ਜਿਹੜੇ ਸਿੱਖ ਪਿੰਡਾਂ ਤੋਂ ਕੱਢ ਦਿੱਤੇ ਸਨ, ਉਨ੍ਹਾਂ ਚੋਂ ਬਹੁਤੇ ਸਿੰਘ ਸੱਜ ਕੇ ਦਲਾਂ ਵਿਚ ਰਲ ਗਏ ਤੇ ਕਈ ਹੋਰਨਾਂ ਰਾਜਾਂ ਵਿਚ ਜਾ ਕੇ ਨੌਕਰੀ ਮਜ਼ਦੂਰੀ ਕਰ ਕੇ ਦਿਨ-ਕਟੀ ਕਰਨ ਲੱਗ ਪਏ। ਜ਼ਕਰੀਆ ਖ਼ਾਨ ਨੇ ਤਾਂ ਆਪ ਹੀ ਮੁਲਕ ਬੇ-ਚਰਾਗ਼ ਕਰ ਲਿਆ, ਕਮਾਈ ਕੌਣ ਕਰੇ ਤੇ ਪੈਸਾ ਟੱਕਾ ਕਿਥੋਂ ਆਵੇ ? ਤਿੰਨ ਸਾਲ ਤਕ ਜਦ ਲਗਾਤਾਰ ਲਾਹੌਰ ਸਰਕਾਰ ਨੇ ਦਿੱਲੀ ਨੂੰ ਬਣਦਾ ਖ਼ਰਾਜ, ਜੋ ਕਈ ਕਰੋੜ ਦੀ ਰਕਮ ਬਣ ਚੁਕਾ ਸੀ, ਨਾ ਪਹੁੰਚਿਆ ਤਾਂ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੇ ਇਸ ਦੀ ਵਸੂਲੀ ਵਾਸਤੇ ਹੈਬਤ ਖ਼ਾਨ ਤੇ ਸਲਾਬਤ ਖ਼ਾਨ ਤੇ ਰੁਹੇਲੇ ਸਰਦਾਰਾਂ ਨੂੰ ਦੋ ਹਜ਼ਾਰ ਘੋੜ-ਸਵਾਰ ਦੇ ਕੇ ਲਾਹੌਰ ਵੱਲ ਤੋਰਿਆ। ਉਨ੍ਹਾਂ ਨੂੰ ਹੁਕਮ ਦਿੱਤਾ ਕਿ ਜਿੰਨਾ ਚਿਰ ਤਿੰਨਾਂ ਸਾਲਾਂ ਦੀ ਸਾਰੀ ਮਾਲ ਗੁਜ਼ਾਰੀ ਵਸੂਲ ਨਾ ਹੋਵੇ, ਓਨਾ ਚਿਰ ਰੋਜ਼ ਦੇ ਪੰਜ ਹਜ਼ਾਰ ਨਕਦ ਹਰਜਾਨਾ ਲੈਂਦੇ ਰਹੋ, ਨਾਲ ਹੀ ਦੋ ਹਜ਼ਾਰ ਫ਼ੌਜ ਦਾ ਤੇ ਆਪਣਾ ਖਰਚ ਲਵੋ। ਰੁਹੇਲੇ ਸਰਦਾਰਾਂ ਲਾਹੌਰ ਪੁਜ ਕੇ ਇੰਜ ਹੀ ਕੀਤਾ। ਕਈ ਕਰੋੜ ਦੀ ਬਣਦੀ ਰਕਮ ਖ਼ਾਨ ਬਹਾਦਰ ਕਿਥੋਂ ਪੈਦਾ ਕਰੇ! ਮਜਬੂਰ ਹੋ ਕੇ ਉਸ ਨੇ ਚੌਧਰੀਆਂ ਨੂੰ ਫੜਿਆ, ਜਿਨ੍ਹਾਂ ਸਿੱਖਾਂ ਦੀ ਫੜੋ-ਫੜਾਈ ਦੇ ਨਾਂ ਤੇ ਵੱਡੇ ਵੱਡੇ ਇਨਾਮ ਲਏ ਸਨ। ਸਿੱਖਾਂ ਦਾ ਸਫ਼ਨ ਸਫ਼ਾਇਆ ਤਾਂ ਨਾ ਕਰਾ ਸਕੇ, ਖ਼ਜ਼ਾਨੇ ਦੀ ਸਫ਼ਾਈ ਜ਼ਰੂਰ ਕਰ ਦਿੱਤੀ। ਆ ਗਏ ਹੁਣ ਇਹ ਚੌਧਰੀ ਕਾਬੂ! ਪਹਿਲਾਂ ਜ਼ਕਰੀਆ ਖ਼ਾਨ ਨੇ ਤੇ ਫਿਰ ਰੁਹੇਲਿਆਂ ਨੇ ਕਾਠ ਮਾਰੇ[1] ਤੇ ਛਿੱਤਰਾਂ ਨਾਲ ਇਨ੍ਹਾਂ ਦਾ ਚੰਮ ਉਧੇੜ ਦਿੱਤਾ। ਇਕੋ ਗੱਲ ਕਿ ਕੱਢੋ ਬਾਹਰ ਉਹ ਪੈਸਾ, ਜੋ ਖ਼ਜ਼ਾਨੇ ਚੋਂ ਲਿਆ ਹੈ ਤੇ ਨਾਲ ਹੀ ਕਰੋ ਇਕੱਠਾ ਲੋਕਾਂ ਤੋਂ। ਚੌਧਰੀ ਨੱਕ-ਗੋਡਾ ਰਗੜ ਤੇ ਵਾਹਿਦੇ ਕਰ, ਬੰਦ-ਖ਼ਲਾਸ ਹੋਏ ਕਿ ਅਸੀਂ ਛੇਤੀ ਤੋਂ ਛੇਤੀ ਸਾਰੀ ਰਕਮ ਉਗਰਾਹ ਲਿਆਵਾਂਗੇ। ਛੁਟਦਿਆਂ ਸਾਰ ਇਨਾਮਾਂ ਦੀ ਸ਼ਕਲ ਵਿਚ ਖਾਧਾ ਮੁੜ ਆਣ ਉਰਲਛਿਆ। ਹੋਰ ਰੁਪਏ ਲਈ ਪਰਜਾ ਦੇ ਗਲ ਚਿ ਅੰਗੂਠਾ ਆਣ ਦਿੱਤਾ। ਐਵੇਂ ਹੀ ਗਰੀਬ ਗੁਰਬੇ ਨੂੰ ਮਰੋੜ ਧਰਿਆ। ਇਨ੍ਹਾਂ ਕੰਗਾਲਾਂ ਪਾਸ ਤਾਂ ਪਹਿਲਾਂ ਹੀ ਮਿੱਟੀ ਦੇ ਤਵੇ ਚੜ੍ਹੇ ਹੋਏ ਸਨ, ਕਿਉਂਕਿ ਧਾੜਵੀਆਂ ਤੇ ਲੁਟੇਰਿਆਂ ਫ਼ਸਲ ਤੇ ਪਸ਼ੂ ਡੰਗਰ ਰੂੰਡ ਮਰੂੰਡ ਕਰ ਛੱਡੇ ਸਨ, ਲੀੜੇ ਤੇ ਭਾਂਡੇ ਘਰੀਂ ਨਹੀਂ ਸਨ ਛੱਡੇ। ਸ਼ਾਹੂਕਾਰਾਂ ਪਾਸ ਜੋ ਕੁਝ ਸੀ, ਜ਼ਮੀਨ ਵਿਚ ਨੱਪ ਕੇ ਦਿਵਾਲੇ ਕੱਢ ਕੇ ਬੈਠ ਗਏ। ਕਈਆਂ ਦੇ ਮੁੰਡੇ ਦਸ ਦਸ ਰੁਪਏ ਨੂੰ ਕੌਡੀਆਂ ਦੇ ਭਾਅ ਵਿਕ ਗਏ। ਕੋਈ ਭੁੱਖੇ ਤਿਹਾਏ ਮਰ ਗਏ। ਜੋ ਘਰਾਂ ਤੋਂ ਨਿਕਲ ਭਜੇ, ਰੁਲ ਰੁਲ ਕੇ ਮੰਦੇ ਹਾਲ ਹੋ ਗਏ। ਐਨਾ ਪੈਸਾ ਇਕੱਠਾ ਕਿਥੋਂ ਹੋਵੇ ? ਰੁਹੇਲੇ ਵੀ ਜ਼ਿਦ ਦੇ ਪੱਕੇ, ਰੋਜ਼ ਪੰਜ ਹਜ਼ਾਰ ਲੈ ਕੇ ਰੋਟੀ ਪੱਕਣ ਦੇਣ। ਸੂਬੇ ਨੇ ਮੂਰਖ ਵੱਤ ਸਿੱਖਾਂ ਵਿਰੁੱਧ ਗਸ਼ਤੀ ਫ਼ੌਜਾਂ ਚੜ੍ਹਾ ਚੜ੍ਹਾ ਕੇ ਸਿੱਖਾਂ ਤੇ ਫਿਰ ਲੁਟੇਰਿਆਂ ਹੱਥੋਂ ਮੁਲਕ ਹੀ ਵੈਰਾਨ ਕਰਵਾ ਲਿਆ ਸੀ, ਹੁਣ ਪਰਜਾ ਪੈਸਾ ਕਿੱਥੋਂ ਦੇਵੇ। ਉਸ ਨੇ ਮਨ



www.AKJ.Org

ਵਿਚ ਕਪਟ ਰਖ ਕੇ ਇਕ ਚਾਲ ਚੱਲੀ। ਕੁਝ ਆਪਣੇ ਪਾਸੋਂ ਟਕੇ ਕੱਢੇ, ਗਹਿਣਾ ਵੇਚਿਆ, ਕਰਜ਼ਾ ਲਿਆ, ਕਈਆਂ ਤੋਂ ਡਰਾ ਧਮਕਾ ਕੇ ਲਿਆ, ਚੌਧਰੀਆਂ ਪਾਸੋਂ ਜੋ ਵਸੂਲਿਆ, ਇਹ ੨੦ ਕੁ ਲੱਖ ਹੋ ਗਿਆ। ਦਸ ਹਜ਼ਾਰ ਰੁਹੇਲਿਆਂ ਨੂੰ ਵੱਢੀ ਦੇ ਕੇ ਨਰਮ ਕੀਤਾ। ਇਸ ਰਕਮ ਨੂੰ ੮੦ ਗੱਡਿਆਂ ਉਤੇ ਲੱਦਿਆ ਤੇ ਇਹ ਗੱਡੇ ਦਿੱਲੀ ਨੂੰ ਤੋਰ ਦਿੱਤੇ। ਇਹ ਰੁਪਇਆ ਰੁਹੇਲਿਆਂ ਸਾਹਮਣੇ ਗਿਣ ਕੇ ਨਹੀਂ ਲੱਦਿਆ ਸੀ, ਸੋ ਉਨ੍ਹਾਂ ਨੂੰ ਇਹ ਕਿਹਾ ਕਿ ਸਾਰਾ ਬਕਾਇਆ ਖ਼ਰਾਜ (ਜੋ ਕਈ ਕਰੋੜ ਦੀ ਰਕਮ ਬਣਦੀ ਸੀ) ਦੇ ਦਿੱਤਾ ਹੈ। ਦਿੱਲੀ ਖ਼ਜ਼ਾਨੇ ਵਿਚ ਦਾਖ਼ਲ ਕਰਨ ਵੇਲੇ ਫਿਰ ਗਿਣਤੀ ਹੋ ਜਾਵੇਗੀ।

ਖ਼ਜ਼ਾਨਾ ਲੈ ਕੇ ਰੁਹੇਲੇ ਤਾਂ ਤੁਰ ਗਏ। ਪਰ ਜ਼ਕਰੀਆ ਖ਼ਾਨ ਦਾ ਦਿਲ ਬੈਠਣ ਲੱਗਾ। ਉਹ ਸੋਚਾਂ ਵਿਚ ਡੁੱਬ ਗਿਆ ਕਿ ਕੀਤੇ ਫ਼ਰੇਬ ਦਾ ਪਰਦਾ ਕਿਵੇਂ ਰਹੇਗਾ? ਬੰਦਾ ਚਤੁਰ ਸੀ। ਔਖੀ ਵੇਲੇ ਚੰਗੀ ਫੁਰੀ। ਸ: ਸੁਬੇਗ ਸਿੰਘ ਜੰਬਰਾਂ ਵਾਲਾ ਲਾਹੌਰ ਰਿਹਾ ਕਰਦਾ ਤੇ ਬੜਾ ਪੜ੍ਹਿਆ ਲਿਖਿਆ ਆਦਮੀ ਸੀ। ਇਹ ਵਾਪਾਰ ਵੀ ਕਰਦਾ ਤੇ ਸਰਕਾਰੀ ਪਿੰਡ ਠੇਕੇ ਤੇ (ਮੁਸਤਾਜਰੀ, ਭਾਵ, ਇਜਾਰੇ ਤੇ) ਲਿਆ ਕਰਦਾ ਸੀ। ਲਾਹੌਰ ਦਰਬਾਰ ਇਸ ਦਾ ਮਾਣ ਸਤਿਕਾਰ ਕਰਦਾ ਸੀ। ਖਾਨ ਬਹਾਦਰ ਨੇ ਉਸ ਨੂੰ ਬੁਲਾ ਕੇ ਆਖਿਆ ਕਿ ਸਿੰਘਾਂ ਨੂੰ ਕਹੋ ਕਿ ਖ਼ਜ਼ਾਨਾ ਦਿੱਲੀ ਨਾ ਜਾਣ ਦਿੱਤਾ ਜਾਵੇ। ਸਾਡੀ ਲਾਹੌਰੀ ਫ਼ੌਜ ਟਾਕਰਾ ਨਹੀਂ ਕਰੇਗੀ। ਇਹ ਖ਼ਜ਼ਾਨਾ ਜੇ ਦਿੱਲੀ ਨਾ ਜਾਵੇ ਤਾਂ ਮੇਰੀ ਰਹਿ ਆਉਂਦੀ ਹੈ। ਖ਼ਜ਼ਾਨਾ ਸਿੰਘਾਂ ਹੱਥੋਂ ਲੁਟੇ ਜਾਣ ਨਾਲ ਹੀ ਮੇਰੇ ਸਿਰੋਂ ਹਿਸਬ ਦੇਣ ਦੀ ਬਲਾ ਟਲਦੀ ਹੈ।[2] ਸ: ਸੁਬੇਗ ਸਿੰਘ ਨੇ ਰਾਤੋ ਰਾਤ ਪੁਜ ਕੇ ਸਿੰਘਾਂ ਦੇ ਟਿਕਾਣੇ ਤੇ ਗਲ ਜਾ ਦੱਸੀ। ਸਿੰਘ ਤਾਂ ਕੋਈ ਐਸਾ ਸੋਹਣਾ ਮੌਕਾ ਉਡੀਕਦੇ ਪਏ ਸਨ। ਸ਼ਿਕਾਰ ਦੀ ਦੱਸ ਪੈਂਦਿਆਂ ਤੱਟ ਫੱਟ ਖ਼ਬਰਾਂ ਕਰ ਕੇ ਅੱਠ ਕੁ ਹਜ਼ਾਰ ਸਿੰਘ ਇਕੱਠਾ ਕਰਕੇ ਤਰਨ ਤਾਰਨ ਵੱਲ ਹੋ ਤੁਰੇ। ਰੁਹੇਲੇ ਸਰਦਾਰਾਂ ਦਾ ਕਾਫ਼ਲਾ ਨੂਰ ਦੀ ਸਰਾਂ ਲਾਗੇ ਉਤਰਿਆ ਹੋਇਆ ਸੀ। ਸਿੰਘ ਦੋ ਹਿੱਸੇ ਹੋ ਕੇ ਕਾਫ਼ਲੇ ਉਤੇ ਪਏ। ਇਕ ਨੇ ਲੜਾਈ ਛੇੜ ਕੇ ਰਾਖਿਆਂ ਨੂੰ ਉਲਝਾਇਆ। ਲਾਹੌਰੀ ਫ਼ੌਜ ਤਾਂ ਵੇਖਦਿਆਂ ਸਾਰ ਨੱਸ ਗਈ। ਰੁਹੇਲਿਆਂ ਕੁਝ ਟਾਕਰਾ ਕੀਤਾ। ਸਿੰਘਾਂ ਦਾ ਦੂਸਰਾ ਦਲ ਖ਼ਜ਼ਾਨੇ ਵਾਲੇ ਗੱਡਿਆਂ ਉਤੇ ਝਪਟਿਆ। ਜੋ ਅੜਿਆ ਸੋ ਝਾੜ ਸੁੱਟਿਆ। ਸਾਰਾ ਖ਼ਜ਼ਾਨਾ, ਘੋੜੇ ਤੇ ਹਥਿਆਰ, ਗੱਲ ਕੀ ਜਿੰਨਾ ਕੁਝ ਹੱਥ ਆਇਆ, ਲੈ ਕੇ ਬੀੜ ਸਾਹਿਬ (ਬੀੜ ਬਾਬਾ ਬੁੱਢਾ ਸਾਹਿਬ) ਵਿਚ ਜਾ ਵੜੇ। ਜਿਹੜਾ ਜਥਾ ਸਾਹਮਣੇ ਲੜਦਾ ਸੀ, ਉਹ ਵੀ ਘੋੜੇ ਦੌੜਾ ਗਿਆ। ਰੁਹੇਲੇ ਵੇਂਹਦੇ ਹੀ ਰਹਿ ਗਏ। ਮਗਰ ਪੈਣ ਦੀ ਕਿਸੇ ਨੂੰ ਹਿੰਮਤ ਹੀ ਨਾ ਹੋਈ।

ਬੀੜ ਵਿਚ ਜਾ ਕੇ ਖ਼ਜ਼ਾਨੇ ਦਾ ਦਸਵੰਧ ਕੱਢ ਕੇ ਭਾਈ ਮਨੀ ਸਿੰਘ ਜੀ ਪਾਸ ਗੁਰੂ ਕੇ ਲੰਗਰ ਲਈ ਸ੍ਰੀ ਅੰਮ੍ਰਿਤਸਰ ਭੇਜ ਦਿੱਤਾ। ਬਾਕੀ ਜੋ ਬਚਿਆ, ਸਾਰਿਆਂ ਸਿੰਘਾਂ ਵਿਚ ਬਰਾਬਰ ਵੰਡ ਦਿੱਤਾ। ਰੁਹੇਲੇ ਸਰਦਾਰ ਰੋਂਦੇ ਧੋਂਦੇ ਲਾਹੌਰ ਜ਼ਕਰੀਆ ਸਾਹਮਣੇ ਜਾ ਪਿੱਟੇ। ਸੁਣ ਕੇ ਜ਼ਕਰੀਆ ਖ਼ਾਨ ਨੇ ਸੁੱਖ ਦਾ ਸਾਹ ਲਿਆ। ਇਹ ਘਟਨਾ ੧੭੩੦ ਈ: ਦੀ ਹੈ।

ਲਾਹੌਰੋਂ ਦਿੱਲੀ ਨੂੰ ਜਾ ਰਿਹਾ ਖ਼ਜ਼ਾਨਾ ਲੁੱਟਣ ਵਾਲੇ ਜਥੇ ਦੇ ਮੁਖੀ ਆਗੂ ਦੀਵਾਨ ਦਰਬਾਰਾ ਸਿੰਘ ਤੇ ਹਰੀ ਸਿੰਘ ਸਨ।

**ਜ਼ਕਰੀਆ ਖ਼ਾਨ ਨੇ ਸਾਰਾ ਹਾਲ ਲਿਖ ਕੇ ਬਾਦਸ਼ਾਹ ਪਾਸ ਦਿਲੀ ਘਲਾਇਆ ਤੇ ਸਿੰਘਾਂ ਵਿਰੁਧ ਫ਼ੌਜ ਮੰਗੀ—**

ਰੁਹੇਲੇ ਤੇ ਜ਼ਕਰੀਆ ਖ਼ਾਨ ਦੀ ਫ਼ੌਜ ਇਕੱਠੇ ਹੋ ਕੇ ਸਿੰਘਾਂ ਮਗਰ ਪਏ, ਤਾਕਿ ਥੋੜਾ ਬਹੁਤ ਲੁਟਿਆ ਖ਼ਜ਼ਾਨਾ ਪ੍ਰਾਪਤ ਕਰਕੇ ਤੇ ਨਾਲ ਜਿੰਨੇ ਕੁ ਹੋ ਸਕਣ, ਸਿੰਘਾਂ ਦੇ ਸਿਰ ਲੈ ਲਏ ਜਾਣ ਤੇ ਇਸ ਤਰ੍ਹਾਂ ਦਿੱਲੀ ਵੜਨ ਜੋਗੇ ਹੋ ਜਾਣ। ਪਰ ਇਹ ਰੁਹੇਲੇ ਵਿਚਾਰੇ ਕੌਣ ਸਨ, ਜੋ ਸਿੰਘਾਂ ਤੱਕ ਅੱਪੜ ਸਕਦੇ। ਕੁਝ ਦਿਨ ਏਧਰ ਓਧਰ ਖੇਹ ਛਾਣ ਕੇ ਲਾਹੌਰ ਵਾਪਸ ਮੁੜ ਆਏ। ਖ਼ਾਨ ਬਹਾਦਰ ਦੇ ਦਿਲ ਦੀ ਮੁਰਾਦ ਪੂਰੀ ਹੋ ਚੁੱਕੀ ਸੀ। ਉਸ ਨੇ ਬਾਦਸ਼ਾਹ ਨੂੰ ਲਿਖਿਆ ਕਿ ਮੈਂ ਤਾਂ ਤਿੰਨਾਂ ਸਾਲਾਂ ਦਾ ਬਣਦਾ ਸਾਰਾ ਖ਼ਰਾਜ ਪੈਸਾ ਪੈਸਾ ਗਿਣ,



www.AKJ.Org

ਗੱਡਿਆਂ ਤੇ ਲੱਦ ਦਿੱਲੀ ਵੱਲ ਤੋਰ ਦਿੱਤਾ ਸੀ, ਸਿੰਘਾਂ ਬਿਆਸ ਦਰਿਆ ਤਕ ਵੀ ਨਹੀਂ ਅੱਪੜਨ ਦਿੱਤਾ, ਉਰੇ ਹੀ ਸਾਰਾ ਲੁਟ ਲਿਆ ਹੈ। ਇਨ੍ਹਾਂ ੮੦ ਗੱਡਿਆਂ, ਜਿਨ੍ਹਾਂ ਤੇ ਖ਼ਜ਼ਾਨਾ ਲੱਦਿਆ ਸੀ, ਨਾਲ ੪ ਹਜ਼ਾਰ ਫ਼ੌਜ ਵੀ ਰਾਖੀ ਲਈ ਤੋਰੀ ਸੀ। ਸਿੰਘਾਂ ਕੋਈ ਪੇਸ਼ ਨਹੀਂ ਜਾਣ ਦਿੱਤੀ। ਇਨ੍ਹਾਂ ਸਾਰੇ ਸੂਬੇ ਵਿਚ ਹੇਠਲੀ ਉਤੇ ਲਿਆਂਦੀ ਹੋਈ ਹੈ। ਖੇਤੀ ਹੋਣ ਨਹੀਂ ਦੇਂਦੇ। ਰੱਯਤ ਭੁੱਖੀ ਮਰਦੀ ਕੰਗਾਲ ਹੋ ਕੇ ਉਜੜਦੀ ਜਾਂਦੀ ਹੈ। ਅੱਗੇ ਤੋਂ ਟਕਾ ਵਸੂਲ ਨਹੀਂ ਹੋਣਾ। ਮੈਂ ਸਾਰੇ ਜਤਨ ਕਰ ਕੇ ਹਾਰ ਚੁੱਕਾ ਹਾਂ। ਤੁਸੀਂ ਮਦਦ ਵਾਸਤੇ ਫ਼ੌਜ ਭੇਜੋਗੇ ਤਾਂ ਅਮਨ ਅਮਾਨ ਕਾਇਮ ਹੋਵੇਗਾ। ਬਾਦਸ਼ਾਹ ਇਹ ਮੰਦੀ ਖ਼ਬਰ ਤੇ ਖ਼ਾਨ ਬਹਾਦਰ ਦੀ ਮਦਦ ਲਈ ਅਰਜ਼ੀ ਪੜ੍ਹ ਕੇ ਕਰੋਧ ਨਾਲ ਮੱਚ ਉੱਠਿਆ। ਨਜੀਬ ਖ਼ਾਨ, ਸਫਦਰ ਖ਼ਾਨ, ਜ਼ਫਰ ਖ਼ਾਨ ਤੇ ਮੁਨਿਅਮ ਖ਼ਾਨ ਵਰਗੇ ਸਖਤ-ਜਾਨ ਤੇ ਤੁੰਦ-ਮਿਜ਼ਾਜ ਫ਼ੌਜਦਾਰਾਂ ਦੇ ਤਹਿਤ ੨੦ ਹਜ਼ਾਰ ਫ਼ੌਜ ਦੇ ਕੇ ਪੰਜਾਬ ਨੂੰ ਤੋਰਿਆ ਕਿ ਸਿੱਖਾਂ ਦਾ ਨਾਮ ਨਿਸ਼ਾਨ ਤਕ ਨਾ ਛੱਡਿਆ ਜਾਵੇ। ਨਾਲ ਹੀ ਸਿਰਹੰਦ ਜਲੰਧਰ ਪੰਜਾਬ ਦੇ ਹਾਕਿਮਾਂ ਤੇ ਜਾਗੀਰਦਾਰਾਂ ਨੂੰ ਪਰਵਾਨੇ ਭੇਜੇ ਕਿ ਸ਼ਾਹੀ ਫ਼ੌਜਾਂ ਨਾਲ ਮਿਲ ਕੇ ਸਿੱਖਾਂ ਦੇ ਘਰ ਘਾਟ ਤੇ ਆਸਰੇ ਵਾਲੀਆਂ ਥਾਵਾਂ ਤਬਾਹ ਕਰ ਦਿੱਤੀਆਂ ਜਾਣ। ਪੰਜਾਬ ਵਿਚ ਕਿਧਰੇ ਸਿੱਖੀ ਦਾ ਚਿੰਨ੍ਹ ਨਾ ਛੱਡਿਆ ਜਾਵੇ।

ਇਹ ਫ਼ੌਜ ਸ਼ੁਰੂ ਅਕਤੂਬਰ ੧੭੩੦ ਈ: ਵਿਚ ਪੰਜਾਬ ਦੀ ਹਦ ਅੰਦਰ ਆ ਵੜੀ। ਸਿੰਘ ਇਸ ਤੋਂ ਪਹਿਲਾਂ ਹੀ ਪਹਾੜਾਂ ਵਿਚ ਜਾ ਲੁਕੇ ਤੇ ਕੁਝ ਰਾਜਿਸਥਾਨ ਵਿਖੇ ਚਲੇ ਗਏ। ਫ਼ੌਜ ਨੇ ਅਮਨ ਅਮਾਨ ਵਸਦੇ ਕਿਰਤੀ ਸਿੱਖਾਂ ਤੇ ਨਿਰਦੋਸ਼ ਹਿੰਦੂਆਂ ਉਤੇ ਆਪਣਾ ਸਾਰਾ ਗੁੱਸਾ ਕੱਢਿਆ। ਪਹਿਲਾਂ ਹੀ ਉਜੜੇ ਹੋਏ ਦੇਸ ਨੂੰ ਹੋਰ ਤਬਾਹ ਕੀਤਾ।

## ਜ਼ਕਰੀਆ ਖ਼ਾਨ ਦੀ ਕੁਟਲ ਨੀਤੀ-

ਜ਼ਕਰੀਆਂ ਖ਼ਾਨ ਸਿਖਾਂ ਦਾ ਵਿਡੋਂ ਬੜਾ ਵੱਡਾ ਵੈਰੀ ਸੀ। ਇਨ੍ਹਾਂ ਦਾ ਤਲਾ-ਮੂਲ ਪੁਟ ਦੇਣ ਲਈ ਉਸ ਨੇ ਹਮੇਸ਼ਾ ਸਾਰਾ ਜ਼ੋਰ ਲਾਇਆ। ਇਹ ਵਖਰੀ ਗੱਲ ਹੈ ਕਿ ਸਿਖ ਉਸ ਦੇ ਮਾਰਨ ਗੋਚਰੇ ਨਹੀਂ ਸਨ, ਉਸ ਵਲੋਂ ਕਸਰ ਕੋਈ ਨਹੀਂ ਸੀ ਛੱਡੀ ਗਈ। ਪਰ ਉਹ ਦੂਜੇ ਪਾਸੇ ਦਿੱਲੀ ਦੀ ਫ਼ੌਜ ਦੀ ਜਿੱਤ ਵੀ ਨਹੀਂ ਸੀ ਹੁੰਦੀ ਵੇਖਣਾ ਚਾਹੁੰਦਾ। ਉਸ ਨੇ ਫਿਰ ਸੁਬੇਗ ਸਿੰਘ ਰਾਹੀਂ ਇਹ ਆਖ ਭਿਜਵਾਇਆ ਕਿ ਦਿੱਲੀਓਂ ਆਉਣ ਵਾਲੀ ਫ਼ੌਜ ਨੂੰ ਜ਼ਰਾ ਕਰੜੇ ਹੱਥੀਂ ਲਿਆ ਜਾਵੇ। ਅੰਦਰੋਂ ਮਨਸ਼ਾ ਇਹ ਸੀ ਕਿ ਸਿੰਘ ਫ਼ੌਜ ਨਾਲ ਟੱਕਰ ਲੈ ਕੇ ਨੁਕਸਾਨ ਉਠਾਉਣ ਤਾਂ ਵੀ ਉਸ ਲਈ ਲਾਹੇਵੰਦਾ, ਤੇ ਜੇ ਫ਼ੌਜ ਨੂੰ ਸਿੰਘਾਂ ਹੱਥੋਂ ਹਾਰ ਹੋਵੇ ਤੇ ਖੇਹ ਖ਼ਰਾਬੀ ਹੋਵੇ ਤਾਂ ਉਸ ਦੀ ਖ਼ਜ਼ਾਨੇ ਦੀ ਲੁਟ ਵਾਲੀ ਕਰਤੂਤ ਤੇ ਚੰਗਾ ਪਰਦਾ ਪਿਆ ਰਹੇਗਾ ਕਿ ਸਿੰਘ ਕੋਈ ਨਿੱਕੀ ਮੋਟੀ ਤਾਕਤ ਨਹੀਂ, ਜਿਸ ਨੇ ਸ਼ਾਹੀ ਫ਼ੌਜਾਂ ਪਾਸੋਂ ਖਜ਼ਾਨਾ ਖੋਹਿਆ ਸੀ। ਇਸ ਰੋਲ-ਘਚੋਲੇ ਵਿਚ ਹੀ ਉਸ ਦੀ ਸੁਰਖ਼ਰੂਈ ਸੀ। ਸਿੰਘ ਵੀ ਆਪਣੇ ਹਾਣ ਲਾਭ ਨੂੰ ਭਲੀ ਭਾਂਤੀ ਸਮਝਦੇ ਸਨ। ਉਹ ਕਦ ਇਹੋ ਜਿਹੇ ਮੱਕਾਰ ਤੇ ਕਪਟੀ ਦੇ ਹੱਥ ਚੜ੍ਹ ਸਕਦੇ ਸਨ! ਦੁਸ਼ਮਣ ਦਾ ਵਾਰ ਬਚਾਉਣਾ ਤੇ ਉਸ ਉਤੇ ਮੋੜਵਾਂ ਐਸਾ ਭਰਵਾਂ ਵਾਰ ਕਰਨਾ ਕਿ ਉਤੋਂ ਲੈ ਕੇ ਹੇਠਾਂ ਤਕ ਲੰਗਾਰ ਲੱਥ ਜਾਣ, ਇਹ ਉਨ੍ਹਾਂ ਦੀ ਨਿਤ ਦੀ ਖੇਡ ਸੀ। ਉਹ ਇਸ ਫ਼ੌਜ ਦੇ, ਜੋ ਸਿਰਹੰਦ, ਜਲੰਧਰ, ਲਾਹੌਰ ਦੀਆਂ ਫ਼ੌਜਾਂ ਤੇ ਮੁਲਖਈਏ ਨਾਲ ਰਲ ਕੇ ਟਿੱਡੀ ਦਲ ਦਾ ਰੂਪ ਧਾਰ ਬੈਠੀ ਸੀ, ਅਖੀਂ ਘੱਟਾ ਪਾ ਗਏ। ਫ਼ੌਜ ਨੇ ਘਰ-ਘਾਟ, ਫਸਲਾਂ ਤੇ ਜੰਗਲ ਬੇਲੇ ਸਾੜ ਫੂਕ ਛੱਡੇ। ਸਿੰਘ ਨਜ਼ਰ ਨਾ ਆਏ। ਸਮਝ ਲਿਆ ਕਿ ਵਿੱਚੇ ਹੀ ਸੜ ਮਰੇ ਹੋਣਗੇ। ਇਸੇ ਨੂੰ ਆਪਣੀ ਜਿਤ ਮੰਨਿਆ। ਖਾਨ ਬਹਾਦਰ ਸਮਝਦਾ ਸੀ ਕਿ ਸਿੰਘ ਫ਼ੌਜ ਨੂੰ ਚਕਮਾ ਦੇ ਗਏ ਹਨ। ਪਰ ਫ਼ੌਜ ਜਿੱਤ ਦੀਆਂ ਡੀਂਗਾਂ ਮਾਰਦੀ ਕਿ ਸਿਖਾਂ ਦਾ ਪੰਜਾਬ ਚੋਂ ਸਫ਼ਾਇਆ ਕਰ ਦਿਤਾ ਹੈ, ਖੁਸ਼ੀ ਦੇ ਸ਼ਾਦਿਆਨੇ ਵਜਾਉਂਦੀ ਹੋਈ ੧੭੩੧ ਈ: ਦੇ ਅਰੰਭ ਵਿਚ ਦਿੱਲੀ ਵਾਪਸ ਪਰਤ ਗਈ।

## ਸਿੰਘ ਮੁੜ ਪੰਜਾਬ ਵਿਚ ਪਰਤੇ ਤੇ ਬਦਲੇ ਲਏ—

ਦਿੱਲੀ ਵਾਲੀ ਫ਼ੌਜ ਦੇ ਮੁੜਦਿਆਂ ਹੀ ਜਨਵਰੀ ੧੭੩੧ ਈ: ਦੇ ਅਖੀਰ ਵਿਚ ਪਹਾੜਾਂ ਜੰਗਲਾਂ ਵਿਚੋਂ ਨਿਕਲ ਕੇ ਸਿੰਘ ਆਣ ਪਰਗਟ ਹੋਏ। ਝਾੜ ਝਾੜ ਵਿਚੋਂ ਸਿੰਘ ਨਿਕਲਦੇ ਦਿਸਣ ਲੱਗੇ। ਦਿਨਾਂ ਵਿਚ ਹੀ ਹਜ਼ਾਰਾਂ



www.AKJ.Org

ਸਿੰਘ ਇਕੱਠੇ ਹੋ ਗਏ। ਹੌਲੀ ਹੌਲੀ ਬੀਕਾਨੇਰ, ਰਾਜਿਸਥਾਨ ਵਲੋਂ ਵੀ ਮੋੜੇ ਘੱਤ ਆਏ। ਲਾਹੌਰ ਦੇ ਕਪਟੀ ਗਵਰਨਰ ਤੇ ਚੁਗਲਾਂ ਚੌਧਰੀਆਂ ਨੂੰ ਫਿਰ ਦਿਨੇ ਤਾਰੇ ਦਿਸਣ ਲੱਗੇ। ਹੁਣ ਉਹ ਅੱਗੇ ਨਾਲੋਂ ਵਧੇਰੇ ਕਰੜੇ ਹੱਥੀਂ ਮਾਰ ਧਾੜ ਕਰਨ ਲੱਗੇ। ਮੁਖ਼ਬਰਾਂ ਤੇ ਚੌਧਰੀਆਂ ਦੇ ਚੰਗੀ ਤਰ੍ਹਾਂ ਸੀੜ੍ਹ ਕਢੇ ਤੇ ਕੀਤੀਆਂ ਦੇ ਫਲ ਭੁਗਤਾਏ। ਜਿਹੜੇ ਢਿਲੇ-ਮੱਠੇ ਸਿਖ ਤੇ ਹਿੰਦੂ ਮੱਲੋ ਮਲੀ ਮੁਹੰਮਦੀ ਬਣਾ ਲਏ ਸਨ, ਅਮ੍ਰਿਤ ਛਕਾ ਛਕਾ ਕੇ ਮੁੜ ਆਪਣੇ ਵਿਚ ਮਿਲਾ ਲਏ। ਸਗੋਂ ਹੁਣ ਬਹੁਤੇ ਸਿਖ ਤੇ ਹਿੰਦੂ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਤੇ ਅਨੇਕਾਂ ਹਥਿਆਰ ਲੈ ਕੇ ਦਲਾਂ ਵਿਚ ਸ਼ਾਮਲ ਹੋ ਗਏ। ਪੰਥ ਵਿਚ ਬਹੁਤ ਵਾਧਾ ਹੋਇਆ। ਅੱਜ ਤੱਕ ਜੋ ਢਿਲੜ ਗਿਲੜ ਸਨ, ਸਿੰਘ ਸੱਜ ਕੇ ਤਿਆਰ-ਬਰ-ਤਿਆਰ ਹੋ ਗਏ। ਜੂਹਾਂ ਮੈਦਾਨਾਂ ਵਿਚ ਸਿੰਘ ਬੜੇ ਰੋਹ ਵਿਚ ਫਿਰਨ ਲੱਗੇ ਤੇ ਦਿਨ ਰਾਤ ਜੈਕਾਰਿਆਂ ਦੀਆਂ ਗੂੰਜਾਂ ਸੁਣਾਈ ਦੇਣ ਲੱਗੀਆਂ। ਹੁਣ ਤੱਕ ਜਿਸ ਜਿਸ ਨੇ ਵੀ ਸਿੰਘਾਂ ਨਾਲ ਵਧੀਕੀਆਂ ਕੀਤੀਆਂ ਸਨ, ਬਦਲੇ ਲੈ ਲੈ ਸਭ ਹਿਸਾਬ ਬਰਾਬਰ ਕਰ ਦਿਤੇ। ਸਭ ਉੱਚਾ ਨੀਵਾਂ ਟੋਆ ਟਿੱਬਾ, ਚੌਖੜੇ ਦਾ ਸੁਹਾਗਾ ਫੇਰ ਕੇ ਇਕ-ਸਾਰ ਪੱਧਰਾ ਕਰ ਦਿੱਤਾ। ਹੁਣ ਉਨ੍ਹਾਂ ਦੇ ਹੌਸਲੇ ਏਨੇ ਵਧ ਚੁਕੇ ਸਨ ਕਿ ਦਿਨ-ਦੀਵੀਂ ਲਾਹੌਰ ਵਰਗੀ ਰਾਜਧਾਨੀ ਦੇ ਬਾਜ਼ਾਰਾਂ ਵਿਚ ਜਾ ਵੜਦੇ ਤੇ ਬਾਜ਼ਾਰਾਂ ਨੂੰ ਸੁਕ-ਮਾਂਜ ਕਰ ਜਾਂਦੇ।[੩] ਮੁਸਲਮਾਨਾਂ ਦੀਆਂ ਰਾਤ ਦੀਆਂ ਨੀਂਦਾਂ ਹਰਾਮ ਹੋ ਗਈਆਂ। ਸ਼ਹਿਰ ਦੇ ਦਰਵਾਜ਼ੇ ਦਿਨ-ਦੀਵੀਂ ਬੰਦ ਹੋ ਜਾਂਦੇ ਤੇ ਕਾਫ਼ੀ ਦਿਨ ਚੜ੍ਹੇ ਪਿਛੋਂ ਖੁਲ੍ਹਦੇ।

ਬਾਹਰੋਂ ਆਏ ਕਾਜ਼ੀਆਂ ਮੁਲਾਣਿਆਂ ਤੇ ਮੁਫ਼ਤੀਆਂ ਨੇ ਲਾਹੌਰ ਦੇ ਉੱਘੇ ਮੁਸਲਮਾਨਾਂ ਤੇ ਮੌਲਵੀਆਂ ਨੂੰ ਨਾਲ ਲੈ ਕੇ ਜ਼ਕਰੀਆ ਖ਼ਾਨ ਸਾਹਮਣੇ ਪੇਸ਼ ਹੋ ਕੇ ਉਹ ਹਾਲ ਪਹਿਰਿਆ ਕੀਤੀ ਕਿ ਮਾਨੋਂ ਕਿਆਮਤ ਹੀ ਆ ਗਈ ਹੈ। ਉਸ ਨੂੰ ਖਰੀਆਂ ਖਰੀਆਂ ਸੁਣਾਈਆਂ ਕਿ ਤੁਹਾਡੀ ਕਾਹਦੀ ਸ਼ਾਹੀ ਹੈ, ਸਿੱਖਾਂ ਇਸਲਾਮੀਆਂ ਦਾ ਜੀਉਣਾ ਹਰਾਮ ਕੀਤਾ ਹੋਇਆ ਹੈ। ਦੇਸ਼ ਛੱਡ ਕੇ ਅਸੀਂ ਕਿਧਰ ਚਲੇ ਜਾਈਏ? ਤੁਸੀਂ ਇਨ੍ਹਾਂ ਕਾਫ਼ਰਾਂ ਦੀ ਮੂਲੋਂ ਹੀ ਜੜ-ਮੇਖ ਕਿਉਂ ਨਹੀਂ ਪੁਟ ਦੇਂਦੇ? ਇਨ੍ਹਾਂ ਉਤੇ ਭਰਪੂਰ ਹੱਲਾ ਕਰੋ। ਸਾਡੀਆਂ ਦੁਆਈਂ ਸੁਣ ਕੇ ਅੱਲਾ ਮੀਆਂ ਰਸੂਲ ਤੁਹਾਡੇ ਮਦਦਗਾਰ ਹਣਗੇ। ਕਿਉਂ ਢੇਰੀ ਢਾਹੀ ਬੈਠੇ ਹੋ? ਉਠੋ, ਇਨਸ਼ਾਅ-ਅੱਲਾ ਜਿਤ ਇਸਲਾਮ ਦੀ ਹੋਵੇਗੀ।

ਜ਼ਕਰੀਆ ਖ਼ਾਨ ਨੇ ਫਿਰ ਪੂਰੀ ਤਿਆਰੀ ਕਰ ਕੇ ਸਿੰਘਾਂ ਨੂੰ ਦਬਾਉਣ ਦਾ ਯਤਨ ਕੀਤਾ। ਸਿੰਘਾਂ ਦੇ ਹੌਸਲੇ ਤੇ ਗਿਣਤੀ ਅੱਗੇ ਨਾਲੋਂ ਕਈ ਗੁਣਾ ਵੱਧ ਚੁੱਕੀ ਸੀ। ਉਸ ਨੇ ਸਿੰਘਾਂ ਨੂੰ ਸਮਾਪਤ ਕਰ ਦੇਣ ਲਈ ਪਹਿਲਾਂ ਨਾਲੋਂ ਕਿਤੇ ਵਧ ਤਾਣ ਲਾਇਆ। ਜਦ ਉਸ ਨੂੰ ਆਪਣੇ ਮੰਤਵ ਵਿਚ ਕਾਮਯਾਬੀ ਨਾ ਹੋਈ ਤਾਂ ਜ਼ੋਰ ਨਾਲ ਸਿੰਘਾਂ ਨੂੰ ਦਬਾਉਣ ਦੀ ਥਾਂ ਉਸ ਨੇ ਨੀਤੀ ਦੀ ਇਕ ਨਵੀਂ ਚਾਲ ਚਲੀ—

"ਸਖ਼ਤੀ ਨਾਲ ਨਹੀਂ ਤਾਂ ਨਰਮੀ ਨਾਲ ਸਿੰਘਾਂ ਨੂੰ ਵੱਸ ਕਰਨਾ ਚਾਹੀਦਾ ਹੈ। ਵੈਰੀ ਜੇ ਤੁਹਾਡੀ ਤਾਕਤ ਨੂੰ ਨਹੀਂ ਮੰਨਦਾ ਤਾਂ ਉਸ ਦੀ ਸ਼ਕਤੀ ਨੂੰ ਪਰਵਾਨ ਕਰ ਲਵੋ। ਬਾਦਸ਼ਾਹ ਨੂੰ ਰਾਜ਼ੀ ਕਰ ਕੇ ਸਿੱਖਾਂ ਨੂੰ ਗੁਜ਼ਾਰੇ ਲਈ ਜਾਗੀਰ ਦੇ ਦਿੱਤੀ ਜਾਵੇ ਤਾਂ ਉਹ ਲੁਟ-ਮਾਰ ਕਰਨੀ ਛੱਡ ਦੇਣਗੇ। ਇਸ ਤੋਂ ਬਿਨਾਂ ਹੋਰ ਭਾਵੇਂ ਕੁਝ ਵੀ ਕਰ ਲਿਆ ਜਾਵੇ, ਉਹ ਮੁਲਕ ਨਹੀਂ ਵੱਸਣ ਦੇਣਗੇ। ਸਦਾ ਗ਼ਦਰ ਮੱਚਿਆ ਰਹੇਗਾ, ਕਦੀ ਵੀ ਅਮਨ ਅਮਾਨ ਨਹੀਂ ਹੋ ਸਕੇਗਾ। ਸੋ ਇਸ ਨੀਤੀ ਨੂੰ ਅਪਣਾ ਲਿਆ ਜਾਵੇ।"

[ਚਲਦਾ]

## ਹਵਾਲੇ ਤੇ ਫ਼ੁਟਨੋਟ

੧. **ਕਾਠ ਮਾਰਨਾ**: ਇਹ ਇਕ ਖਾਸ ਬਣਤਰ ਦੀ ਲਕੜ ਹੁੰਦੀ ਸੀ, ਜਿਸ ਵਿਚ ਫੜੇ ਹੋਏ ਦੋਸ਼ੀ ਦੀ ਇਕ ਜਾਂ ਦੋਵੇਂ ਲੱਤਾਂ ਦੇ ਦਿੱਤੀਆਂ ਜਾਂਦੀਆਂ ਸਨ, ਤਾਕਿ ਉਹ ਵੇਲੇ ਕੁਵੇਲੇ ਮੌਕਾ ਪਾ ਕੇ ਕਿਧਰੇ ਭੱਜ ਨਾ ਸਕੇ। ਇਹ ਲੱਕੜ ਬੰਦੇ ਦੇ ਪੱਟ ਕੁ ਜਿਡੀ ਮੋਟੀ ੧੪-੧੫ ਫ਼ੁਟ ਲੰਮੀ ਹੁੰਦੀ ਹੈ। ਗਿਠ ਗਿਠ ਸਿਰੇ ਛੱਡ ਕੇ ਦੋਵੇਂ ਪਾਸੀਂ ਦੋ ਛੇਕ ਹੁੰਦੇ ਹਨ, ਜਿਨ੍ਹਾਂ ਵਿਚ ਦੋਵੇਂ ਪਾਸੀਂ ਦੋ ਫਾਨੇ ਠਕ ਸਕਣ। ਦੋਹਾਂ ਛੇਕਾਂ ਤੋਂ ਦੋਹੀਂ ਪਾਸੀਂ, ਢਾਈ ਢਾਈ ਹੱਥ ਛੱਡ ਕੇ ਗਿੱਠ ਸਵਾ ਗਿੱਠ ਦੀ ਵਿੱਥ ਪਾ ਪਾ ਕੇ ਬਾਕੀ ਸਾਰੀ ਲੱਕੜ ਵਿਚ ਐਨ ਵਿਚਕਾਰ ਐਡੇ ਐਡੇ ਛੇਕ ਕੱਢੇ ਹੁੰਦੇ ਹਨ ਕਿ ਗਿਟਿਆਂ ਤੋਂ ਉਤਾਂਹ ਤੇ ਪਿੰਵਣੀ ਤੋਂ ਹੇਠਾਂ



www.AKJ.Org

ਦੋਸ਼ੀ ਦੀ ਲੱਤ ਉਸ ਵਿਚ ਆ ਜਾਵੇ। ਸਾਰੀ ਲੱਕੜ ਲੰਮੇ ਰੁਖ਼, ਵਿਚਕਾਰ ਦੀ ਚੀਰ ਪਾ ਕੇ ਦੋ ਹਿੱਸੇ ਹੋ ਜਾਂਦੀ ਤੇ ਵਿਚਕਾਰਲੇ ਛੇਕ ਅੱਧੇ ਚੰਦ ਵਰਗੇ ਹੋ ਜਾਂਦੇ। ਇਹ ਲੰਮਾ ਚੀਰ ਪੜੇ ਰੁਖ਼ ਹੁੰਦਾ। ਜਦ ਦੋਵੇਂ ਫੱਟ ਹੇਠ ਉੱਤੇ ਰਖੇ ਜਾਂਦੇ ਤਾਂ ਅੱਧਾ ਛੇਕ ਦੂਜੇ ਛੇਕ ਤੇ ਆ ਕੇ ਇਹ ਪੂਰਾ ਗੋਲ ਛੇਕ ਬਣ ਜਾਂਦਾ। ਸਿਰੇ ਦੇ ਦੋਵੇਂ ਛੇਕ ਖੜੇ ਰੁਖ ਹੁੰਦੇ। ਇਹ ਸਿਰਿਆਂ ਦੇ ਛੇਕ, ਦੋਵੇਂ ਫੱਟ ਮੇਲ ਕੇ, ਫਾਨੇ ਲਾ ਕੇ ਆਪੋ ਵਿਚ ਲੱਕੜ ਨੂੰ ਇੰਜ ਕੱਸ ਦੇਂਦੇ ਜਿਵੇਂ ਚੀਰ ਪਾਉਣ ਤੋਂ ਪਹਿਲਾਂ ਲਕੜ ਦੀ ਹਾਲਤ ਹੁੰਦੀ ਸੀ। ਦੋਸ਼ੀ ਦੀ ਇਕ ਲੱਤ, ਜਾਂ ਜਿਸ ਨੂੰ ਜ਼ਿਆਦਾ ਤੰਗ ਕਰਨਾ ਹੋਵੇ, ਦੋਵੇਂ ਲੱਤਾਂ ਫੱਟ ਦੇ ਸੁਰਾਖ਼ਾਂ ਉਤੇ ਰੱਖ ਕੇ ਦੂਜਾ ਫਟ ਉਤੇ ਰਖਿਆ ਜਾਂਦਾ ਕਿ ਉਤਲਾ ਅੱਧਾ ਛੇਕ ਹੇਠਲੇ ਅੱਧੇ ਛੇਕ ਉਤੇ ਆ ਜਾਂਦਾ। ਦੋਹਾਂ ਸਿਰਿਆਂ ਦੇ ਉਲਟੇ ਰੁਖ ਕਢੇ ਸਲਾਂ ਵਿਚ ਕੱਸ ਕੇ ਫਾਨੇ ਲਾ ਦਿੱਤੇ ਜਾਂਦੇ। ਚਸ ਬਾਗੂੰ ਬੰਦੇ ਇਕ ਥਾਂ ਕਾਠ ਮਾਰੇ ਹੋਏ ਹਿਲ ਤਕ ਨਾ ਸਕਦੇ, ਭਜਣਾ ਤਾਂ ਦੂਰ ਦੀ ਗੱਲ ਸੀ। ਕਾਠ ਵਜਾ ਹੋਇਆ ਬਦਨਸੀਬ, ਪਾਸਾ ਵੀ ਨਾ ਲੈ ਸਕਦਾ। ਮੁਜਰਮ ਕਾਬੂ ਰਖਣ ਦਾ ਇਹ ਪੁਰਾਣਾ ਜੰਤਰ ਸੀ। ਹਾਂ, ਅੱਜ ਵੀ ਪੰਜਾਬ ਵਿਚ ਪਿੰਡਾਂ ਦੀਆਂ ਪੁਲਸ-ਚੌਕੀਆਂ ਵਿਚ ਇਸ ਦੇ ਦਰਸ਼ਨ ਹੋ ਸਕਦੇ ਹਨ।

੨. ਗਿ: ਗਿਆਨ ਸਿੰਘ-ਸ਼ਮਸ਼ੇਰ ਖਾਲਸਾ। ਭਾਸ਼ਾ ਵਿਭਾਗ, ਛਾਪ ੧੯੭੦, ਸਫ਼ਾ ੧੦੭-੧੦੮

੩. ਡਾ: ਗੋਕਲ ਨਾਰੰਗ-ਟ੍ਰਾਂਸਫ਼ਾਰਮੇਸ਼ਨ ਆਫ਼ ਸਿਖਇਜ਼ਮ (ਅੰਗ੍ਰੇਜ਼ੀ), ਸਫ਼ਾ ੨੦੪

---

# ਉਪਰਿ ਸਚੁ ਆਚਾਰੁ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਨਾ ੬੨ ਉਪਰ ਸਿਰੀਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸ਼ਟਪਦੀ ਨੰਬਰ ੧੪ ਵਿਚ ਇਕ ਪਾਸੇ ਕਰਮਾਂ ਧਰਮਾਂ ਦਾ ਜ਼ਿਕਰ ਹੈ, ਦੂਜੇ ਪਾਸੇ ਹਰਿ ਨਾਮ ਦਾ। ਸਾਰੇ ਕਰਮੀ ਧਰਮਾਂ ਦਾ ਜ਼ਿਕਰ ਕਰ ਕੇ ਸਾਰ-ਸਿੱਟਾ ਕਢਿਆ ਹੈ—

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥੧੪॥

ਇਸ ਪੰਗਤੀ ਵਿਚ "ਉਪਰਿ ਸਚੁ ਆਚਾਰੁ" ਦੀ ਵਿਆਖਿਆ ਕਰਨ ਲਗਿਆਂ ਸਾਡੇ ਬੁਧੀਜੀਵੀ ਵਿਦਵਾਨ ਅਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰ, ਸੱਚੇ ਆਚਾਰ ਨੂੰ ਹੀ ਨਾਮ ਤੋਂ ਉਪਰ ਦਸੀ ਜਾਂਦੇ ਹਨ। ਇਹ ਸਾਰੇ ਦੁਨਿਆਵੀ ਆਚਾਰ—ਸ਼ਖਸੀ, ਗ੍ਰਿਹਸਤੀ, ਸਮਾਜਮ, ਸਾਂਸਕ੍ਰਿਤਕ, ਆਰਥਿਕ, ਰਾਜਸੀ ਆਦਿ "ਨਾਮ" ਤੋਂ ਉਰੇ ਹਨ, ਹੇਠਾਂ ਹਨ। ਨਾਮ ਵਾਲਾ ਜੀਵਨ ਹੀ ਸਭ ਤੋਂ ਉੱਚਾ ਆਚਾਰ ਹੈ।

ਇਸ ਤੁਕ ਦੇ ਪ੍ਰੋਫੈਸਰ ਸਾਹਿਬ ਸਿੰਘ ਜੀ ਅਰਥ ਕਰਦੇ ਹਨ—

"ਹਰੇਕ (ਕਰਮ) ਸਦਾ ਥਿਰ ਪ੍ਰਭੂ ਦਾ ਨਾਮ ਸਿਮਰਨ ਤੋਂ ਘਟੀਆ ਹੈ,
ਸਿਮਰਨ ਰੂਪ ਕਰਮ ਸਭ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਹੈ ॥੫॥"

[ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪਹਿਲੀ ਪੋਥੀ, ਪੰਨਾ ੪੨੬

ਸਾਰੀ ਅਸ਼ਟਪਦੀ ਦਾ ਅਰੰਭ ਤੋਂ ਅੰਤ ਤੀਕ ਪਾਠ ਕੀਤਿਆਂ ਤੇ ਵਿਚਾਰਿਆਂ ਇਕੋ ਨਾਮ ਦੀ ਗੱਲ ਹੀ ਸਾਹਮਣੇ ਆਉਂਦੀ ਹੈ ਅਤੇ ਨਿਰਣਤ ਹੁੰਦਾ ਹੈ ਕਿ ਕੋਈ ਕਰਮ ਧਰਮ ਵੀ ਨਾਮ ਦੀ ਬਰਾਬਰੀ ਨਹੀਂ ਕਰ ਸਕਦਾ।

ਅਸਾਂ 'ਸੂਰਾ' ਦੇ ਵਖ ਵਖ ਅੰਕਾਂ ਵਿਚ ਇਸ ਤੁਕ ਦੀ ਵਿਆਖਿਆ ਵਿਚ ਦੋ ਤਿੰਨ ਲੇਖ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਿਤੇ ਹਨ ਅਤੇ ਹੁਣ ਪਿਛੇ ਜਹੇ ਮਈ ੧੯੯੨ ਦੇ ਅੰਕ ਵਿਚ ਗਿਆਨੀ ਹਰਬੰਸ ਸਿੰਘ ਤੇਗ ਦਾ ਇਕ ਲੇਖ ਇਸ ਤੁਕ ਦੀ ਵਿਚ ਦਿਤਾ ਸੀ, ਜਿਸ ਦੇ ਅੰਤ ਵਿਚ ਲੇਖਕ ਲਿਖਦਾ ਹੈ—

ਸੋ ਸਪੱਸ਼ਟ ਹੈ ਕਿ "ਸਚੁ ਆਚਾਰੁ" ਓਹੀ ਹੈ ਜੋ ਸੱਚ ਦੇ ਹੁਕਮ ਅੰਦਰ, ਸੱਚੇ ਨਾਲ ਜੁੜੀ ਸੁਰਤਿ ਵਾਲਾ ਆਚਰਨ ਹੈ, ਨਾਮ ਸਿਮਰਨ ਵਾਲਾ ਜੀਵਨ ਹੈ—

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਆਚਾਰੁ ॥੨॥੧੩੭॥ (ਪੰਨਾ ੪੦੫)

ਸੋ ਸਭ ਤੋਂ ਉਪਰ ਨਾਮ-ਆਚਾਰ ਹੈ, ਹੋਰ ਸਭ ਆਚਾਰ ਨਾਮ ਤੋਂ ਹੇਠਾਂ ਹਨ।

www.AKJ.Org

# ਹਰਿ ਮੁਸਕੀ ਮੁਸਕ ਗੰਧਾਰੇ (੧)

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ-19]

ਇਨਸਾਨ ਦੀ ਸੰਤੁਲਿਤ ਸ਼ਖ਼ਸੀਅਤ ਦੀ ਘਾੜਤ ਵਿਚ ਸੁਡੌਲ ਤੇ ਅਰੋਗ ਨੱਕ ਦਾ ਆਪਣਾ ਵੱਖਰਾ ਹੀ ਪ੍ਰਭਾਵ ਹੈ। ਸੁੰਦਰ ਨੱਕ ਗਹਿਣਿਆਂ ਦਾ ਮੁਹਤਾਜ ਨਹੀਂ। ਜ਼ੇਵਰਾਂ ਨਾਲ ਸ਼ਿੰਗਾਰਿਆ ਨੱਕ, ਭਾਵੇਂ ਕਈ ਪੁਰਸ਼ਾਂ ਦੀਆਂ ਨਜ਼ਰਾਂ ਵਿਚ ਸੁੰਦਰਤਾ ਦਾ ਪ੍ਰਤੀਕ ਹੋਵੇ, ਪਰ ਵਾਸਤਵ ਵਿਚ ਇਹ ਗੁਲਾਮੀ ਨੂੰ ਪ੍ਰਗਟਾਉਂਦਾ ਹੈ। ਪਸ਼ੂਆਂ ਨੂੰ ਕਾਬੂ ਵਿਚ ਰੱਖਣ ਲਈ, ਉਨ੍ਹਾਂ ਦੇ ਨੱਕ ਵਿਚ ਨੱਥ ਪਾਈ ਜਾਂਦੀ ਹੈ, ਜਿਹੜੀ ਉਨ੍ਹਾਂ ਨੂੰ ਆਪਣੀ ਇੱਛਿਆ ਅਨੁਸਾਰ ਚੱਲਣ ਤੋਂ ਹੋੜਦੀ ਹੈ। ਇਉਂ ਜੀਵ ਵੀ ਖ਼ੁਦਮੁਖਤਿਆਰ ਨਹੀਂ, ਪਰਾਏ-ਵਸ ਹੈ, ਕਿਉਂਕਿ ਇਸ ਦੀ ਨਾਸਿਕਾ ਵੀ ਵਿੰਨ੍ਹੀ ਹੋਈ ਹੈ। ਪਰ ਇਸ ਵਿਚ ਪਾਈ ਨੱਥ ਦਾ ਮਾਲਕ ਆਪ ਅਕਾਲ ਪੁਰਖ ਹੈ, ਜੋ ਤ੍ਰਿਸ਼ਨਾ ਅਧੀਨ ਜੀਵਾਂ ਨੂੰ ਆਪਣੇ ਹੁਕਮ ਦੁਆਰਾ ਦੇਸਾਂ ਪਰਦੇਸਾਂ ਦਾ ਭ੍ਰਮਣ ਕਰਾਉਂਦਾ ਹੈ। ਗੁਰਵਾਕ ਹੈ—

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥੨੯॥ (ਮ: ੨, ਪੰਨਾ ੬੫੩)

ਨੱਥ ਕੇਵਲ ਗੁਲਾਮੀ ਦਾ ਨਹੀਂ, ਲਾਚਾਰੀ, ਬੇਬਸੀ ਤੇ ਨਿਰਬਲਤਾ ਦਾ ਵੀ ਚਿੰਨ੍ਹ ਹੈ। ਜਿਸ ਬੰਦੇ ਨੇ ਅਣਖ ਗਵਾ ਲਈ, ਸਮਝੋ ਉਸ ਦਾ ਨੱਕ ਕੱਟਿਆ ਗਿਆ। ਸਰੀਰਕ ਤੌਰ ਤੇ ਨੱਕ ਕੱਟਣਾ ਨਿਰਾਦਰੀ ਦਾ ਸਿਖਰ ਹੈ। ਗ਼ੈਰਤਮੰਦ ਇਨਸਾਨ ਆਪਣੇ ਨੱਕ ਨੂੰ ਸਲਾਮਤ ਰੱਖਣ ਲਈ ਸਿਰ ਧੜ ਦੀ ਬਾਜ਼ੀ ਲਾਉਣ ਤੋਂ ਸੰਕੋਚ ਨਹੀਂ ਕਰਦਾ। ਲਛਮਣ ਨੇ ਸਰੂਪ ਨਖਾ ਦਾ ਨੱਕ ਕੱਟ ਕੇ ਰਾਵਣ ਦੀ ਅਣਖ ਨੂੰ ਇਸ ਹੱਦ ਤਕ ਵੰਗਾਰਿਆ ਕਿ ਉਹ ਬਦਲੇ ਦੀ ਭਾਵਨ ਵਿਚ ਅੰਨ੍ਹਾ ਹੋ ਕੇ ਭਿਆਨਕ ਜੰਗ ਦਾ ਅੰਤ ਜਾਣਦਾ ਹੋਇਆ ਵੀ ਸਨਮਾਨ ਪੂਰਨ ਸਮਝੌਤਾ ਕਰਨ ਲਈ ਰਜ਼ਾਮੰਦ ਨਾ ਹੋਇਆ।

ਗੁਰਦੇਵ ਜੀ ਨੇ ਸ਼ਬਦ 'ਨੱਕ' ਦੀ ਵਰਤੋਂ ਪ੍ਰਮਾਰਥਕ ਗੁਣਾਂ ਤੇ ਨਾਮ ਦੀ ਵਡਿਆਈ ਦੇ ਗੁਹਜ ਭਾਵ ਦਰਸਾਉਣ ਲਈ ਕੀਤੀ ਹੈ। ਅਰੋਗ ਨੱਕ, ਨਾਮ ਰੂਪੀ ਸੁਗੰਧ ਤੇ ਨਾਮ-ਹੀਣ ਦੁਰਗੰਧ ਦਾ ਨਿਰਣਾ ਕਰਕੇ ਗੁਣਾਂ ਦੀ ਖ਼ੁਸ਼ਬੂ ਵਲ ਧਾਵਣ ਲਈ ਪ੍ਰੇਰਦਾ ਹੈ ਤੇ ਕੁਕਰਮਾਂ ਦੀ ਬਦਬੂ ਤੋਂ ਬਚਣ ਲਈ ਸਾਵਧਾਨ ਕਰਾਉਂਦਾ ਹੈ।

ਆਮ ਤੌਰ ਤੇ ਸੰਸਾਰੀ ਜੀਵ, ਇਸ ਲੋਕ ਵਿਚ ਇੱਜ਼ਤ, ਮਾਣ ਖੱਟਣ ਲਈ ਉਪਰਾਲਾ ਕਰਦੇ ਹਨ ਤੇ ਪਰਲੋਕ ਦੀ ਪਤ ਦਾ ਕੋਈ ਖਿਆਲ ਨਹੀਂ ਕਰਦੇ। ਨਾਮ-ਹੀਣ ਅਗਿਆਨੀ ਪੁਰਸ਼ ਇਸ ਸੰਸਾਰ ਦੀ ਸੋਭਾ ਸੁਣ ਕੇ ਬਹੁਤ ਬਿਫਰਦਾ ਹੈ ਤੇ ਜਾਣਦਾ ਨਹੀਂ ਕਿ ਪਰਲੋਕ ਵਿਚ ਉਸ ਨੇ ਨਕਟਾ ਅਖਵਾਉਣਾ ਹੈ—

ਨਾਮ ਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ ਵਢਾਇਆ ॥੩॥੫॥
(ਰਾਮਕਲੀ ਮਹਲਾ ੪, ਪੰਨਾ ੮੮੨)

ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥ ਨਾ ਸੋਹੈ ਬਤੀ ਸੁਲਖਨਾ ॥੩॥੨॥
(ਭੈਰਉ ਨਾਮਦੇਵ ਜੀਉ—੧੧੬੩)

ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ਰਹਾਉ॥੬॥
(ਦੇਵਗੰਧਾਰੀ ਮਹਲਾ ੪—੫੨੮)

*Cleanliness is next to Godliness,* "ਸਫ਼ਾਈ ਖ਼ੁਦਾਈ ਤੋਂ ਦੂਸਰੇ ਦਰਜੇ ਤੇ ਹੈ" ਇਕ ਅਟੱਲ ਸਚਾਈ ਹੈ। ਗੁਰਮਤਿ ਅਨੁਸਾਰ, ਤਨ ਮਨ ਦੋਹਾਂ ਦੀ ਨਿਰਮਲਤਾ ਤੇ ਸ਼ੁੱਧਤਾ ਪ੍ਰਭੂ-ਪ੍ਰਾਪਤੀ ਲਈ ਆਵਸ਼ੱਕ ਹੈ। ਇਹੀ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਸ਼ਵ ਦੇ ਕਈ ਧਰਮ ਅਸਥਾਨ, ਗੰਦਗੀ, ਮੈਲ ਤੇ ਬਦਬੂ ਤੋਂ ਸੁਰੱਖਿਅਤ ਰੱਖੇ ਜਾਂਦੇ ਹਨ, ਓਥੇ ਧੂਮਰਪਾਨ ਦੀ ਵੀ ਸਖ਼ਤ ਮਨਾਹੀ ਹੈ, ਪਰ ਇਹਨਾਂ ਅਸਥਾਨਾਂ


www.AKJ.Org

ਤੇ ਜਾਣ ਵਾਲੇ ਉਪਾਸ਼ਕਾਂ ਤੇ ਕੋਈ ਪਾਬੰਦੀ ਨਹੀਂ। ਕੀ ਪਰਮਾਤਮਾ ਕੇਵਲ ਧਰਮ-ਅਸਥਾਨਾਂ ਦੀ ਸਫਾਈ ਤੇ ਪ੍ਰਸੰਨ ਹੁੰਦਾ ਹੈ ? ਕੀ ਉਹ ਬੰਦੇ ਦੇ ਖ਼ੂਨ, ਫੇਫੜਿਆਂ, ਨੱਕ ਤੇ ਦਿਲ ਦੀ ਦੁਰਗੰਧ ਨੂੰ ਨਜ਼ਰ-ਅੰਦਾਜ਼ ਕਰਦਾ ਹੈ ? ਕੀ ਇਨਸਾਨੀ ਮੰਦਰ ਦੀ ਹੈਸੀਅਤ ਇੱਟਾਂ, ਪੱਥਰਾਂ ਦੇ ਬਣੇ ਮੰਦਰ ਤੋਂ ਘੱਟ ਹੈ ? ਸਾਨੂੰ ਇਹਨਾਂ ਦੇ ਉੱਤਰ ਦੀ ਲੋੜ ਨਹੀਂ, ਕਿਉਂਕਿ ਕਲਗੀਧਰ ਦਸਮੇਸ਼ ਪਿਤਾ ਜੀ ਨੇ ਆਪਣੇ ਖ਼ਾਲਸਾ ਪੰਥ ਨੂੰ ਇਸ ਜਗਤ-ਜੂਠ ਦੁਰਗੰਧ ਤੋਂ ਬਚਾਅ ਕੇ ਰਸ-ਭਿੰਨੜਾ ਖ਼ੁਸ਼ਬੂਦਾਰ, ਗੁਰਮਤਿ ਨਾਮ ਬਖ਼ਸ਼ਿਆ ਹੋਇਆ ਹੈ।

ਇਹ ਸੰਸਾਰ ਸੁਹਾਵਾ ਬਾਗ ਹੈ, ਜਿਸ ਦਾ ਰਚਣਹਾਰ ਕਰਤਾਰ ਆਪ ਬਾਗ਼ਬਾਨ ਹੈ। ਇਸ ਵਿਚ ਅਨੇਕ ਬਾਗ਼ੀਚੇ ਤੇ ਫੁਲਵਾੜੀਆਂ ਹਨ, ਪਰ ਗੁਰਸਿੱਖੀ ਦੀ ਫੁਲਵਾੜੀ ਇਕ ਵਿਸ਼ੇਸ਼ ਕ੍ਰਿਤ ਹੈ, ਜਿਸ ਦੀ ਸੁੰਦਰਤਾ ਤਾਂ ਆਕਰਸ਼ਕ ਹੈ ਹੀ; ਪਰ ਇਸ ਦੀ ਸੁਗੰਧੀ ਤੇ ਮਹਿਕ ਨੇ ਜਿੱਥੇ ਭੌਰਿਆਂ ਨੂੰ ਮੋਹਿਆ ਹੈ, ਉਥੇ ਵਿਸ਼ਵ ਦੇ ਰੂਹਾਨੀ ਰੁੱਚੀ ਰੱਖਣ ਵਾਲੇ ਜਗਿਆਸੂਆਂ ਦੇ ਵੈਰਾਗ ਵਿਚ ਸੁਹਜ ਤੇ ਮਸਤੀ ਦਾ ਅਨੂਠਾ ਰਸ ਭਰਿਆ ਹੈ। ਖ਼ੁਸ਼ਬੂ ਫੁੱਲਾਂ ਦਾ ਤੱਤ ਹੈ, ਬਾਗ ਦੀ ਜਿੰਦ ਜਾਨ ਹੈ ਪੌਦੇ ਦੀ ਰੂਹ ਹੈ। ਖ਼ੁਸ਼ਬੂ ਬਿਨਾਂ ਖ਼ੂਬਸੂਰਤ ਫੁੱਲ ਕਾਗ਼ਜ਼ ਦੇ ਫੁੱਲਾਂ ਸਮਾਨ ਹਨ। ਗੁਰਦੇਵ ਜੀ ਨੇ ਸਿੱਖੀ ਦੇ ਬੂਟੇ ਨੂੰ ਨਾਮ ਦੁਆਰਾ ਇਸ ਤਰ੍ਹਾਂ ਸਿੰਚਿਆ ਹੈ ਕਿ ਇਹ ਪੌਦਾ ਬਾਹਰਹੁ ਸੁੰਦਰ ਤੇ ਮਨਮੋਹਣਾ ਹੋਵੇ ਤੇ ਅੰਦਰੁ ਗੁਣਾਂ ਦੀ ਸੁਗੰਧੀ ਨਾਲ ਪਰਫੁੱਲਤ ਰਹੇ।

ਇਸ ਦੇ ਬਾਵਜੂਦ ਮਨਮੁਖ ਨਿਗੁਰੇ ਪ੍ਰਾਣੀ ਦੀ, ਰੋਗੀ ਨਾਸਿਕਾ ਨੂੰ ਖ਼ੁਸ਼ਬੂ ਤੇ ਬਦਬੂ ਵਿਚ ਕੋਈ ਭਿੰਨਤਾ ਮਹਿਸੂਸ ਨਹੀਂ ਹੁੰਦੀ, ਕਿਉਂਕਿ ਉਸ ਨੇ ਸੱਚੇ ਗੁਰੂ ਤੋਂ ਬਿਬੇਕ ਬੁੱਧੀ, ਗਿਆਨ ਪਦਾਰਥ ਪਾਇਆ ਨਹੀਂ। ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਮੱਖੀ ਦੀ ਕੈਸੀ ਗੰਦੀ ਵਾਦੀ ਹੈ ਕਿ ਉਸਨੂੰ ਗੰਧ ਦੀ ਕੋਈ ਪਰਖ ਹੀ ਨਹੀਂ।

ਮਖੀ ਬਾਣ ਕੁਬਾਣ ਹੈ ਲੈ ਦੁਰਗੰਧ ਸੁਗੰਧ ਨ ਭਾਵੈ ॥ [ਭਾਈ ਗੁਰਦਾਸ ਜੀ, ੩੨-੧੦

ਡੱਡੂ ਤੇ ਕੰਵਲ, ਦੋਹਾਂ ਦਾ ਵਾਸਾ ਪਾਣੀ ਤੇ ਚਿੱਕੜ ਹੈ, ਪਰ ਸੁਭਾਅ ਵੱਖਰੇ ਵੱਖਰੇ। ਸੁਗੰਧੀ ਦੀ ਸਾਰ ਬਿਨਾ ਡੱਡੂ ਕਮਲ ਦੇ ਗੁਣਾਂ ਨੂੰ ਪਛਾਣਦਾ ਨਹੀਂ।

ਡੱਡੂ ਚਿਕੜਿ ਵਾਸੁ ਹੈ ਕਵਲੈ ਨ ਸਿਵਾਣੈ ॥ [ਭਾਈ ਗੁਰਦਾਸ ਜੀ, ੩੪-੪

ਸ਼ੁਭ ਗੁਣਾਂ ਵਿਹੂਣ ਪ੍ਰਾਣੀ ਐਸਾ ਪੱਥਰ ਹੈ, ਜਿਸ ਨੂੰ ਨਾਮ ਸੁਗੰਧ ਦਾ ਗਿਆਨ ਨਹੀਂ, ਨਾਮ-ਰਸ ਦੀ ਸੋਝੀ ਨਹੀਂ। ਉਸ ਦੀ ਆਪਣੀ ਕਠੋਰਤਾ ਦੇ ਫਲ-ਸਰੂਪ ਉਸ ਦਾ ਹਿਰਦਾ ਦਇਆ ਤੇ ਹਮਦਰਦੀ ਦੀ ਭਾਵਨਾ ਤੋਂ ਖ਼ਾਲੀ ਰਹਿੰਦਾ ਹੈ।

ਪਥਰ ਵਾਤੁ ਨ ਸਾਉ ਹੈ ਮਨ ਕਠੋਰ ਹੋਇ ਆਪੁ ਵਿਗੋਵੈ ॥ [ਭਾਈ ਗੁਰਦਾਸ ਜੀ, ੩੨-੭

ਸਾਡਾ ਨੱਕ ਦ੍ਰਿਸ਼ਟ ਪਦਾਰਥਾਂ ਦੀ ਗੰਧ ਨੂੰ ਦਿਮਾਗ਼ ਤਕ ਪਹੁੰਚਾਉਂਦਾ ਹੈ। ਭੀਤਰੀ ਸੂਖਮ ਨੱਕ ਨਾਮ ਦੀ ਖ਼ੁਸ਼ਬੂ ਨੂੰ ਅਨੁਭਵ ਕਰ ਕੇ ਬਿਸਮਾਦੀ ਅਵਸਥਾ ਵਿਚ ਲੀਨ ਹੋਣ ਲਈ ਪ੍ਰੇਰਦਾ ਹੈ। ਮਨਮੁਖਾਂ ਦਾ ਅੰਦਰਲਾ ਨੱਕ ਨਿਰਬਲ, ਰੋਗੀ ਤੇ ਕੁਮਲਾਇਆ ਹੋਇਆ ਹੋਣ ਕਰਕੇ ਨਾਮ ਦੀ ਖ਼ੁਸ਼ਬੂ ਨਾਲ ਭਿੱਜਦਾ ਨਹੀਂ। ਐਸੇ ਅਭਿੱਜ ਨੱਕ ਨੂੰ ਸਤਿਗੁਰੂ ਜੀ ਨੇ ਬਾਸਨ ਰੋਗ ਦਾ ਸ਼ਿਕਾਰ ਆਖਿਆ ਹੈ। ਹਕੀਮਾਂ ਡਾਕਟਰਾਂ ਕੋਲ ਇਸ ਰੋਗ ਦੀ ਨਾ ਪਛਾਣ ਹੈ, ਨਾ ਸੋਝੀ ਹੈ, ਨਾ ਦੁਆਈ ਹੈ। ਉਨ੍ਹਾਂ ਦੇ ਅਧਿਐਨ-ਸ਼ਾਖਾ ਵਿਚ ਇਸ ਦਾ ਵਰਣਨ ਨਹੀਂ। ਦਾਤਾਰ ਪਿਤਾ ਨੇ ਇਸ ਰੋਗ ਦੀ ਨਵਿਰਤੀ ਦੀ ਜੁਗਤੀ ਸੱਚੀ ਸੰਗਤ ਦਸੀ ਹੈ। ਸੰਗਤ ਤੋਂ ਪ੍ਰੇਰਨਾ ਤੇ ਗੁਣ ਦੋਨੋਂ ਮਿਲਦੇ ਹਨ। ਜੀਵ ਨੀਵੇਂ ਤੋਂ ਉੱਚਾ ਤੇ ਜ਼ਹਿਰੀਲੇ ਤੋਂ ਅੰਮ੍ਰਿਤ ਮਈ ਹੁੰਦਾ ਹੈ। ਇਸ ਦੇ ਸੰਬੰਧ ਵਿਚ ਅਤਿ ਕੜਵੀ ਨਿੰਮ ਦੀ ਉਦਾਹਰਨ ਦਿਤੀ ਹੈ—

ਹਰਿ ਗੁਨ ਊਚ ਨੀਚ ਹਮ ਗਾਏ ਗੁਰ ਸਤਿਗੁਰ ਸੰਗਿ ਸਖੇ ॥
ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ ॥੨॥੩॥ [ਨਟ ਮ: ੪-੯੭੬

ਵਿਚਾਰੇ ਇਰੰਡ ਵਿਚ ਕੋਈ ਸ੍ਰੇਸ਼ਟ ਗੁਣ ਨਹੀਂ, ਕਿਸੇ ਖ਼ਾਸ ਪਰਉਪਕਾਰ ਦਾ ਧਨੀ ਨਹੀਂ, ਉਹ ਵੀ ਸੰਗਤ ਦੇ ਸਦਕੇ ਪਰਵਾਨ ਹੁੰਦਾ ਹੈ।

ਬ੍ਰਾਹਮਣ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥।
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥੪॥
[ਗੋਂਡ ਮ: ਪੰਨਾ ੪–੮੬੧

ਇਹ ਕੇਵਲ ਕਹਿਣ ਮਾਤ੍ਰ ਨਹੀਂ, ਸਤਸੰਗਤਿ ਨੇ ਜਿਨ੍ਹਾਂ ਦੇ ਜੀਵਨ ਵਿਚ ਇਨਕਲਾਬੀ ਪਰਿਵਰਤਨ ਲਿਆਂਦਾ ਤੇ ਬਾਸਨ ਰੋਗ ਤੋਂ ਮੁਕਤ ਕੀਤਾ, ਉਹ ਸ਼ਾਹਦੀ ਭਰਦੇ ਹਨ–

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੨॥੩॥[ਆਸਾ ਰਵਿਦਾਸ ਜੀ–੪੮੬

ਕੀ ਸੰਗਤ ਦਾ ਅਸਰ ਹਰੇਕ ਤੇ ਹੁੰਦਾ ਹੈ ? ਜੇ ਇੰਜ ਹੁੰਦਾ ਤਾਂ ਸਾਰਾ ਸੰਸਾਰ ਸੁਗੰਧੀ, ਮਿਠਾਸ ਤੇ ਸੀਤਲਤਾ ਨਾਲ ਭਰਪੂਰ ਹੁੰਦਾ। ਭਰੋਸੇ ਯੋਗ ਤਾਂ ਹਜ਼ੂਰ ਦਾ ਆਪਣਾ ਹੀ ਸਪਸ਼ਟੀਕਰਨ ਹੈ। ਜਿਉਂ ਜੰਗਾਲਿਆ ਲੋਹਾ ਮਿਕਨਾਤੀਸ ਵਲ ਖਿੱਚਿਆ ਨਹੀਂ ਜਾਂਦਾ,ਅਤੇ ਤੂੰਬੀ ਦਾ ਇਸ਼ਨਾਨ ਉਸ ਦੀ ਕੜੱਤਣ ਦੂਰ ਨਹੀਂ ਕਰਦਾ, ਇਵੇਂ ਹੀ ਮਨਮੁਖ ਖੋਟਾ, ਹੰਕਾਰੀ ਤੇ ਕਪਟੀ ਬੰਦਾ, ਸੰਗਤ ਕਰਦਾ ਵੀ, ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਲਈ ਯੋਗ ਨਹੀਂ ਬਣਦਾ। ਹਜ਼ੂਰ ਦਾ ਸੁੰਦਰ ਫੁਰਮਾਨ ਹੈ–

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥
ਨਿਕਟਿ ਬਸੰਤੋ ਬਾਂਸੋ ਨਾਨਕ ਅਹੰਬੁਧਿ ਨ ਬੋਹਤੇ ॥੫॥ [ਮਹਲਾ ੫ ਗਾਥਾ–੧੩੬੦

ਇਸ ਤਰ੍ਹਾਂ ਦਾ ਵਿਚਾਰ ਭਗਤ ਕਬੀਰ ਜੀ ਨੇ ਭੀ ਦਿਤਾ ਹੈ। ਉਨ੍ਹਾਂ ਅਨੁਸਾਰ ਬਾਂਸ ਆਪਣੇ ਉੱਚੇ ਹੋਣ ਦੇ ਹੰਕਾਰ ਵਿਚ ਹੀ ਡੁੱਬ ਗਿਆ, ਅਰਥਾਤ ਸੁਗੰਧੀ ਪ੍ਰਾਪਤ ਨਹੀਂ ਕਰ ਸਕਿਆ, ਭਾਵੇਂ ਉਹ ਚੰਦਨ ਬ੍ਰਿਛ ਦੇ ਨੇੜੇ ਰਹਿੰਦਾ ਹੈ।

ਅਕਾਲ ਪੁਰਖ ਆਪ ਖ਼ੁਸ਼ਬੂ ਦਾ ਭੰਡਾਰ ਹੈ। ਇਹ ਖਜ਼ਾਨਾ ਅਮੁੱਕ ਹੈ, ਦਾਤਾਰ ਪਿਤਾ ਨੇ ਪ੍ਰਸੰਨ ਹੋ ਕੇ ਆਪਣੇ ਪਿਆਰਿਆਂ ਨੂੰ ਇਸ ਦਾਤਿ ਦੇ ਖੂਬ ਗੱਫੇ ਬਖਸ਼ੇ ਹਨ। ਸਗਲ ਬਨਾਸਪਤੀ ਵਿਚੋਂ ਚੰਦਨ ਦੇ ਬੂਟੇ ਨੂੰ ਬਹੁਤ ਸਲਾਹਿਆ ਹੈ। ਇਹ ਬੂਟਾ ਖੁਸ਼ਬੂ ਤੇ ਸੀਤਲਤਾ ਦਾ ਅਤੁਟ ਖਜ਼ਾਨਾ ਹੈ, ਇਸੇ ਕਰਕੇ ਸਤਿਗੁਰੂ ਦੀ ਅਦ੍ਰਿਸ਼ਟ ਸੁਗੰਧੀ ਦੀ ਤੁੱਲਨਾ ਚੰਦਨ ਨਾਲ ਕੀਤੀ ਹੈ–

ਸਤਿਗੁਰੁ ਬਾਵਨ ਚੰਦਨੋ, ਵਾਸੁ ਸੁਵਾਸੁ ਕਰੈ ਲਾਖੀਣਾ ॥[ਭਾਈ ਗੁਰਦਾਸ ਜੀ, ੨੬-੨੦

ਚੰਦਨ ਆਪਣੇ ਪ੍ਰਾਕਿਰਤਕ ਸੁਭਾਅ ਅਨੁਸਾਰ ਸੁਬਾਸ ਪਰਦਾਨ ਕਰਦਾ ਹੈ, ਪਰ ਸਤਿਗੁਰੂ ਜਿਸ ਉਤੇ ਰਹਿਮਤ ਦੀ ਦ੍ਰਿਸ਼ਟੀ ਕਰੇ, ਉਸ ਨੂੰ ਭੀ ਖ਼ੁਸ਼ਬੂਦਾਰ ਬਨਾਉਣ ਦੀ ਸਮਰੱਥਾ ਰਖਦਾ ਹੈ। ਅਨੇਕ ਮਨਮੁਖ ਤੇ ਨਾਸਤਕ ਕੇਵਲ ਨਿਕਟ ਹੋਣ ਕਰਕੇ ਹੀ ਚੰਦਨ ਵਤ ਨਹੀਂ ਹੋਏ, ਬਲਕਿ ਖਾਸ ਕਿਰਪਾ ਦੁਆਰਾ ਹੋਏ ਹਨ। ਇਹ ਅੰਤਰ ਹੈ ਚੰਦਨ ਤੇ ਸਤਿਗੁਰੂ ਦਾ।

ਨਾਮ ਦੇਣ ਤੇ ਦ੍ਰਿੜ੍ਹਾਉਣ ਦਾ ਅਧਿਕਾਰ ਕੇਵਲ ਸੱਚੇ ਗੁਰੂ ਨੂੰ ਕਿਉਂ ਹੈ ? ਕੱਚਾ ਗੁਰੂ, ਕੱਚੀ ਬਾਣੀ ਦਾ ਪ੍ਰੇਮੀ, ਗੁਰੂ-ਡੰਮ ਦਾ ਸ਼ਿਕਾਰ, ਕੱਚੇ ਚੇਲਿਆਂ ਤੋਂ ਝੂਠੀ ਵਾਹ ਵਾਹ ਅਖਵਾਉਣ ਵਾਲਾ ਨਾਮ ਦੀ ਸੱਚੀ ਖ਼ੁਸ਼ਬੂ ਤੋਂ ਆਪ ਹੀ ਕੋਰਾ ਹੈ, ਉਹ ਨਾਮ-ਰਸ ਗੰਧ-ਰੂਪ ਦੇ ਛਿੱਟੇ ਨਹੀਂ ਮਾਰ ਸਕਦਾ। ਇਸ ਦੇ ਵਿਪਰੀਤ ਗਿਆਨਵਾਨ, ਸਮਦਰਸੀ ਸਤਿਗੁਰੂ ਅਗਿਆਨਤਾ ਦੇ ਪੜਦੇ ਕੱਟ ਕੇ ਸਾਡੇ ਵਰਗੇ ਅਨੇਕ ਜੜ੍ਹ-ਬੁੱਧੀ ਜੀਵਾਂ ਨੂੰ ਗੁਰਮੰਤ੍ਰ ਦੁਆਰਾ ਭਵਜਲ ਤੋਂ ਪਾਰ ਕਰਦੇ ਹਨ–

ਰਾਮ ਹਮ ਪਾਥਰ ਨਿਰਗੁਨੀਆਰੇ ॥
ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ ॥੧॥ ਰਹਾਉ ॥
ਸਤਿਗੁਰ ਨਾਮੁ ਦ੍ਰਿੜ੍ਹਾਏ ਅਤਿ ਮੀਠਾ ਮੈਲਾਗਰੁ ਮਲਗਾਰੇ ॥
ਨਾਮੈ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥੧॥੨॥ [ਨਟ ਮ: ੪–੯੮੧


www.AKJ.Org

ਨਾਮ-ਸੁਗੰਧੀ ਦਾ ਇਕ ਹੋਰ ਨਾਉ ਕਸਤੂਰੀ ਹੈ। ਇਹ ਦੁਰਲਭ ਤੇ ਵਡਮੁੱਲੀ ਵਸਤੂ ਮਿਰਗ ਦੇ ਸਰੀਰ ਅੰਦਰ ਉਤਪੰਨ ਹੁੰਦੀ ਹੈ, ਪਰ ਅਗਿਆਨੀ ਮਿਰਗ ਨੂੰ ਪਤਾ ਨਹੀਂ ਚਲਦਾ ਕਿ ਖੁਸ਼ਬੂ ਕਿਥੋਂ ਆਉਂਦੀ ਹੈ। ਵਿਚਾਰਾ ਇਸ ਦੀ ਭਾਲ ਲਈ ਥਾਂ ਥਾਂ ਭੌਂਦ ਫਿਰਦਾ ਹੈ। ਇਹੋ ਦਸ਼ਾ ਮਨਮੁਖ ਪੁਰਸ਼ ਦੀ ਹੈ, ਜਿਹੜਾ ਨਾਮ ਰੂਪੀ ਸੁਗੰਧ ਦੀ ਪ੍ਰਾਪਤੀ ਦਾ ਸਾਧਨ ਨਹੀਂ ਜਾਣਦਾ। ਭਗਤ ਫਰੀਦ ਜੀ ਦਾ ਬਚਨ ਹੈ—

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ ॥੮੦॥ [ਸਲੋਕ ਫਰੀਦ ਜੀ—੧੩੮੨

ਮਾਇਆ ਦੀ ਨੀਂਦਰ ਵਿਚ ਸੁੱਤੇ ਇਸ ਬਖਸ਼ਸ਼ ਤੋਂ ਸਦਾ ਬੇਖਬਰ ਰਹਿੰਦੇ ਹਨ। ਜਿਹੜੇ ਆਤਮਕ ਤੌਰ ਤੇ ਸਾਵਧਾਨ ਹਨ, ਕੇਵਲ ਉਹੀ ਇਲਾਹੀ ਦਾਤਿ ਦੇ ਅਧਿਕਾਰੀ ਹਨ। ਭਗਤ ਕਬੀਰ ਜੈਸੇ, ਕਸਤੂਰੀ ਰੂਪ ਨਾਮ ਦਾ ਲਗਾਤਾਰ ਸਿਮਰਨ ਕਰ ਕੇ ਕਸਤੂਰੀ ਹੀ ਬਣ ਗਏ। ਇਸ ਸਥਾਈ ਖੁਸ਼ਬੂ ਦਾ ਰਸ ਮਾਨਣ ਲਈ ਸੇਵਕ ਪ੍ਰੇਮ ਵਿਚ ਇਉਂ ਭਿੱਜ ਗਏ ਹਨ ਜਿਵੇਂ ਭੌਰਾ ਫੁੱਲਾਂ ਉਤੇ ਮਸਤ ਹੁੰਦਾ ਹੈ—

ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ ॥
ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ ॥੧੪੧॥
[ਸਲੋਕ ਕਬੀਰ ਜੀ—੧੩੭੧-੭੨

ਭੌਰਾ ਆਸ਼ਕ ਹੈ ਫੁੱਲਾਂ ਦਾ, ਵਿਸ਼ੇਸ਼ ਤੌਰ ਤੇ ਕੰਵਲ ਦਾ। ਇਸ ਦਾ ਸੂਰਜ ਵਲ ਲਗਾਤਾਰ ਧਿਆਨ, ਬੇਲਾਗ ਪਿਆਰ ਦਾ ਪ੍ਰਗਟਾਵਾ ਹੈ, ਇਸ ਦਾ ਖੇੜਾ, ਪ੍ਰਸੰਨਤਾ ਤੇ ਚੜ੍ਹਦੀ ਕਲਾ ਆਤਮ ਰਸ ਦਾ ਸੂਚਕ ਹੈ, ਇਸ ਦੀ ਸੀਤਲਤਾ ਤੇ ਸੁਗੰਧੀ, ਸਹਜ ਬਿਰਤੀ ਤੇ ਆਤਮਕ ਗੁਣਾਂ ਨੂੰ ਦ੍ਰਿਸਟਾਉਂਦੀ ਹੈ। ਇਨ੍ਹਾਂ ਅਲੌਕਿਕ ਗੁਣਾਂ ਕਰਕੇ ਜਯੋਤੀ ਸਰੂਪ ਸਤਿਗੁਰੂ ਦੇ ਪਾਵਨ ਚਰਨਾਂ ਨੂੰ ਚਰਨ ਕੰਵਲ ਕਹਿ ਕੇ ਵਡਿਆਇਆ ਹੈ ਤੇ ਗੁਰਸਿੱਖ ਦੇ ਪ੍ਰੇਮ-ਬਾਣੀ-ਮਾਰੇ ਮਨ ਨੂੰ ਭੌਰੇ ਨਾਲ ਉਪਮਾ ਦਿੱਤੀ ਹੈ। ਜਦ ਮਾਤਾ ਆਪਣੇ ਪੁੱਤਰ ਨੂੰ ਅਸੀਸ ਦਿੰਦੀ ਹੈ, ਪ੍ਰੇਮਾ ਭਗਤੀ ਦੀ ਬਖਸ਼ਸ਼ ਤੇ ਇੱਕ-ਮਿੱਕ ਹੋਣ ਲਈ ਅਰਦਾਸ ਕਰਦੀ ਹੈ ਤਾਂ ਸੱਚੇ ਦਿਲੋਂ ਲੋਚਦੀ ਹੈ ਕਿ ਪੁੱਤਰ ਦਾ ਮਨ ਭੌਰੇ ਦੀ ਨਿਆਈਂ ਬਣ ਜਾਏ ਤੇ ਅਕਾਲ ਪੁਰਖ ਦੇ ਚਰਨ ਕਮਲਾਂ ਦੀ ਪ੍ਰੀਤੀ ਵਿਚ ਖੀਵਾ ਹੋ ਜਾਵੇ—

ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥
ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥
(ਗੂਜਰੀ ਮਹਲਾ ੫, ਪੰਨਾ ੪੯੬)

ਜਦ ਪੰਚਮ ਪਾਤਸ਼ਾਹ ਜੀ ਨੇ ਭੱਟਾਂ ਦੇ ਪਵਿੱਤਰ ਹਿਰਦੇ ਅਤੇ ਸੁੱਚੀ ਬਿਰਤੀ ਵਾਲੇ ਬੇਲਾਗ ਜੀਵਨ ਤਕੇ ਅਤੇ ਸਤਿਗੁਰੂ ਨਾਨਕ ਦੇਵ ਜੀ ਪ੍ਰਤੀ ਅਥਾਹ ਸਤਿਕਾਰ ਤੇ ਸ਼ਰਧਾ ਭਰੀ ਦਿੱਬ ਦ੍ਰਿਸ਼ਟੀ ਦਾ ਝਲਕਾਰਾ ਤੱਕਿਆ ਤਾਂ ਸਰਬ ਗੁਣਾਂ ਭਰਪੂਰ, ਅੰਮ੍ਰਿਤ ਮਈ ਬਾਣੀ ਉੱਚਾਰਨ ਦੀ ਦਾਤਿ ਉਨ੍ਹਾਂ ਨੂੰ ਪਰਦਾਨ ਕਰ ਕੇ ਹਮੇਸ਼ਾ ਲਈ ਆਪਣੀ ਜੋਤਿ ਨਾਲ ਸਮਾ ਲਿਆ। ਭੱਟਾਂ ਦੇ ਕਪਾਟ ਖੁਲ੍ਹ ਗਏ, ਸੱਚ ਦੇ ਨੂਰ ਦਾ ਪ੍ਰਕਾਸ਼ ਤੱਕ ਕੇ ਆਤਮ-ਗਿਆਨ ਦਾ ਬੂਟਾ ਪ੍ਰਫੁੱਲਤ ਹੋ ਗਿਆ। ਉਨ੍ਹਾਂ ਨੂੰ ਹਜ਼ੂਰ ਦੀ ਉੱਚਤਾ ਤੇ ਰੱਬੀ ਜੋਤਿ ਠਾਠਾਂ ਮਾਰਦੀ ਨਜ਼ਰ ਆਈ। ਜਦ ਗੁਰਸਿੱਖਾਂ ਵਲ ਨਿਗਾਹ ਮਾਰੀ ਤਾਂ ਇਉਂ ਪਰਤੀਤ ਹੋਇਆ ਕਿ ਉਹ ਚਰਨ-ਕਮਲਾਂ ਦੀ ਸੁਗੰਧੀ ਮਾਣ ਕੇ ਭੌਰਿਆਂ ਵਾਂਗਰ ਮੋਹਤ ਹੁੰਦੇ ਜਾ ਰਹੇ ਹਨ।

ਭੱਟਾਂ ਦੇ ਜਜ਼ਬਾਤ ਤੇ ਗਿਆਨ ਨੇ ਕਲਮ ਵਿਚ ਆਪ ਮੁਹਾਰੀ ਰਵਾਨਗੀ ਉਤਪੰਨ ਕੀਤੀ। ਸਤਿਗੁਰੂ ਦੀ ਮਿਕਨਾਤੀਸੀ ਖਿੱਚ ਤੇ ਸੰਗਤ ਦਾ ਆਤਮ-ਸਮਰਪਨ ਘੁਲ ਮਿਲ ਕੇ ਇਕ ਹੋ ਗਏ—

ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥
ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ॥੬॥(ਭੱਟਾਂ ਦੇ ਸਵਈਏ—੧੪੦੪)

 (ਚਲਦਾ)

www.AKJ.Org

## ਦਸਮੇਸ਼ ਪਾਤਿਸ਼ਾਹ ਨੇ ਪੰਜਾਂ ਪਿਆਰਿਆਂ ਦੇ

# ਸੀਸ ਝਟਕੇ ਸੀ (ਬਕਰੇ ਨਹੀਂ)

[ਪ੍ਰਿੰਸੀਪਲ ਕਰਤਾਰ ਸਿੰਘ ਜੀ]

ਪਾਰਬ੍ਰਹਮ-ਪਰਮੇਸ਼ਰ ਦੀ ਅਸਚਰਜ ਖੇਡ ਹੈ ਕਿ ਸਿੱਖ ਕੌਮ ਦਾ ਵਿਰਸਾ ਸਰਬ-ਉਤਮ ਹੈ ਤੇ ਗੁਰੂ ਪਾਤਿਸ਼ਾਹਾਂ ਦੇ ਚੋਜ ਵੀ ਨਿਆਰੇ ਹਨ, ਕੌਮ ਨੂੰ ਦੇਣ ਵੀ ਲਾਸਾਨੀ ਹੈ। ਅਕਾਲ ਪੁਰਖ ਦੀ ਰਜ਼ਾ ਹੀ ਹੈ ਕਿ ਸਾਨੂੰ ਪਾਤਿਸ਼ਾਹਾਂ ਦੇ ਚਮਤਕਾਰੀ ਕਾਰਨਾਮਿਆਂ ਤੇ ਵਿਸ਼ਵਾਸ ਹੀ ਨਹੀਂ ਹੈ। ਅਜੋਕੇ ਸੰਸਾਰ ਵਿਚ ਕਰਾਮਾਤਾਂ ਨੂੰ ਅਣਹੋਣੀਆਂ ਕਥਾਵਾਂ ਕਹਿ ਕੇ ਭੰਡਿਆ ਜਾਂਦਾ ਹੈ। ਅਸੀਂ ਸੰਸਾਰ ਨੂੰ ਖ਼ੁਸ਼ ਕਰਨ ਲਈ ਅਥਵਾ ਬੁੱਧੀ/ਦਲੀਲ ਅਨੁਸਾਰੀ ਹੋਣ ਦੇ ਸ਼ੌਕ ਕਰਕੇ ਖ਼ੁਦ ਹੀ ਗੁਰੂ ਇਤਿਹਾਸ ਤੇ ਕਈ ਕਿੰਤੂ ਕੀਤੇ ਹਨ, ਸਮਰੱਥ ਗੁਰੂ ਪਾਤਿਸ਼ਾਹਾਂ ਨੂੰ ਬੁੱਧੀਵਾਦੀ ਪੈਮਾਨਿਆਂ ਤੇ ਗਜ਼ਾਂ ਨਾਲ ਮਿਣਨ/ਮਾਪਣ ਦੀ ਗ਼ਲਤੀ ਕੀਤੀ ਹੈ, ਗੁਰੂ-ਇਤਿਹਾਸ ਨੂੰ ਆਮ ਵਿਹਾਰਕ ਵੱਟਿਆਂ ਨਾਲ ਤੋਲਣ ਦੀ ਕੋਸ਼ਿਸ਼ ਕੀਤੀ ਹੈ।

ਸਾਡੇ ਕਈ ਇਤਿਹਾਸਕਾਰਾਂ—ਪੁਰਾਣੇ ਤੇ ਨਵੀਨ—ਨੇ ਆਪਣੀਆਂ ਸਿੱਖ-ਇਤਿਹਾਸ ਲਿਖਤਾਂ ਵਿਚ ਲਿਖ ਮਾਰਿਆ ਹੈ ਕਿ ਦਸਮੇਸ਼ ਪਿਤਾ ਨੇ ਵੈਸਾਖੀ (ਸੰਨ ੧੬੯੯) ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਸਾਜਣ ਵੇਲੇ ਕੇਵਲ ਬਕਰੇ ਹੀ ਝਟਕੇ ਸਨ।

ਮੈਨੂੰ ਯਾਦ ਹੈ ਕਿ ਕਈ ਸਾਲ ਹੋਏ, ਮੈਂ ਸੁਰਗਵਾਸੀ ਡਾ: ਗੰਡਾ ਸਿੰਘ ਦੇ ਮਕਾਨ ਤੇ ਜਾ ਕੇ ਇਸ ਬਾਰੇ ਗੱਲ-ਬਾਤ ਕੀਤੀ ਸੀ। ਮੈਂ ਕਿਹਾ, ਡਾ: ਸਾਹਿਬ! ਬਕਰੇ ਕੌਣ ਲੈ ਕੇ ਆਇਆ ਸੀ? ਕੀ ਕਿਸੇ ਨੇ ਆਉਂਦੇ ਦੇਖੇ ਨਹੀਂ? ਕੀ ਮਾਰਨ ਵੇਲੇ ਆਦਤ ਅਨੁਸਾਰ ਬਕਰਿਆਂ ਮਿਆਂ-ਮਿਆਂ ਕਰਕੇ ਰੌਲਾ ਨਹੀਂ ਪਾਇਆ? ਭਲਾ ਪਹਿਲੇ ਬਕਰੇ ਨੇ ਨਾ ਕੀਤੀ ਹੋਵੇ, ਦੂਸਰਿਆਂ ਨੇ ਤਾਂ ਡਰ ਨਾਲ ਜ਼ਰੂਰ ਕੀਤੀ ਹੋਵੇਗੀ। ਬਕਰੇ ਮਾਰਨ ਉਪਰੰਤ ਕੀਹਨੇ, ਕਿਵੇਂ, ਕਿਥੇ ਸਮੇਟੇ? ਜਿਹੜੇ ਬਕਰੇ ਲੈ ਕੇ ਆਏ ਸੀ, ਉਹ ਕਿਉਂ ਨਾ ਖੜੇ ਹੋ ਗਏ?

ਡਾਕਟਰ ਗੰਡਾ ਸਿੰਘ ਕੁਝ ਸਟਪਟਾਏ ਤੇ ਕਹਿਣ ਲਗੇ ਕਿ ਉਹਨਾਂ ਨੂੰ ਬੁਖ਼ਾਰ ਹੈ ਤੇ ਸਿਰ ਦੁੱਖਦਾ ਹੈ, ਫੇਰ ਕਿਸੇ ਦਿਨ ਇਸ ਬਾਰੇ ਗੱਲ ਕਰਾਂਗਾ। ਇਸ ਪਿਛੋਂ ਮੈਨੂੰ ਕਦੇ ਉਹਨਾਂ ਇਹ ਗੱਲ ਕਰਨ ਦਾ ਮੌਕਾ ਹੀ ਨਾ ਦਿੱਤਾ।

ਬੜੀ ਨਿਮ੍ਰਤਾ ਤੇ ਠਰ੍ਹੰਮੇ ਨਾਲ ਮੈਂ ਪਾਠਕਾਂ ਨੂੰ ਅਰਜ਼ ਕਰਾਂਗਾ ਕਿ ਉਪਰ ਉਠਾਏ ਨੁਕਤਿਆਂ ਤੋਂ ਇਲਾਵਾ ਕਈ ਹੋਰ ਜ਼ਰੂਰੀ ਗੱਲਾਂ ਇਸ ਅਦਭੁਤ ਘਟਨਾ ਬਾਰੇ ਵਿਚਾਰਨੀਆਂ ਚਾਹੀਦੀਆਂ ਹਨ।

(੧) ਜੇਕਰ ਅਸੀਂ ੧੬੯੯ ਦੇ ਹਾਲਾਤ ਨੂੰ ਘੋਖੀਏ ਤਾਂ ਦਸਮ ਗੁਰੂ ਦੇ ਵੈਰੀਆਂ, ਵਿਰੋਧੀਆਂ, ਦੋਖੀਆਂ, ਜਾਨੀ ਦੁਸ਼ਮਣਾਂ ਦੀ ਸੂਚੀ ਤਾਂ ਬਹੁਤ ਲੰਮੀ ਸੀ ਤੇ ਸ਼ੁਭ-ਚਿੰਤਕਾਂ ਅਤੇ ਸ਼ਰਧਾਲੂਆਂ ਦੀ ਤਾਦਾਤ ਮੁਕਾਬਲੇ ਤੋਂ ਬਹੁਤ ਥੋੜੀ ਤੇ ਨਿਤਾਣੀ ਸੀ। ਔਰੰਗਜ਼ੇਬ ਦੀ ਸ਼ਕਤੀਸ਼ਾਲੀ ਮੁਗ਼ਲ ਹਕੂਮਤ, ਬਾਈ ਧਾਰ ਦੇ ਪਹਾੜੀ ਹਿੰਦੂ ਰਾਜੇ, ਪੰਜਾਬ ਦੇ ਸਾਰੇ ਮੁਸਲਮਾਨ ਹਾਕਮ, ਬੇਦੀ-ਭੱਲੇ, ਬਾਬੇ, ਗੁਰੂ ਪਤਿਸ਼ਾਹ ਦੇ ਈਰਖਾਲੂ ਸੋਢੀ ਸ਼ਰੀਕ, ਮੀਣੇ, ਧੀਰਮਲੀਏ, ਰਾਮਰਾਈਏ, ਮਸੰਦ, ਸਾਰੀ ਪੰਡਿਤ ਸ਼੍ਰੇਣੀ, ਵਰਨਾਸ਼ਰਮ-ਪੱਖੀ ਉੱਚ-ਜਾਤੀਆਂ—ਮੁਕਦੀ ਗੱਲ, ਸਾਰਾ ਹਾਕਮ, ਅਮੀਰ ਤੇ ਧਰਮ ਦਾ ਠੇਕੇਦਾਰ ਤਬਕਾ ਹਜ਼ੂਰ ਦਾ ਕੱਟੜ ਵੈਰੀ ਤੇ ਦੋਖੀ ਸੀ। ਮੁਗ਼ਲ ਰਾਜ ਆਪਣੇ ਸਮੇਂ ਸੰਸਾਰ ਦਾ ਸਭ ਤੋਂ ਸ਼ਕਤੀਸ਼ਾਲੀ ਰਾਜ ਸੀ ਤੇ ਉਸ ਦੀ ਗੁਪਤ ਏਜੰਸੀ ਅੱਜ-ਕਲ੍ਹ ਨਾਲੋਂ ਕਿਤੇ ਜ਼ਿਆਦਾ ਚੋਕਸ ਤੇ ਸਜ਼ਾ ਦੇ ਸਖ਼ਤ ਡਰ ਕਰਕੇ, ਕਾਰਜ-ਨਿਪੁੰਨ ਸੀ। ਕੇਂਦਰ ਦਾ ਇਕ ਉੱਚ ਅਧਿਕਾਰੀ—ਵਾਕਿਆ ਨਵੀਸ—ਵੱਖ ਵੱਖ ਸੂਬਿਆਂ ਵਿਚ ਖ਼ੁਫ਼ੀਆ ਨਵੀਸ ਕਰਮਚਾਰੀ ਨੀਅਤ ਕਰਕੇ ਸਾਰੇ ਰਾਜਸੀ ਹਾਲਾਤ ਤੇ ਕਰੜੀ ਨਜ਼ਰ ਰਖਦਾ ਸੀ ਅਤੇ ਨਿੱਕੀਆਂ ਮੋਟੀਆਂ ਸਾਰੀਆਂ ਘਟਨਾਵਾਂ ਬਾਰੇ ਛਾਣ-ਬੀਣ ਕਰ ਕੇ ਮੁਗ਼ਲ ਸ਼ਹਿਨਸ਼ਾਹ ਨੂੰ ਪੂਰੀ ਇਤਲਾਹ ਦਿੰਦਾ ਸੀ।

ਜੇਕਰ ਔਰੰਗਜ਼ੇਬ ਨੂੰ ਆਪਣੀਆਂ ਸ਼ਕਤੀਸ਼ਾਲੀ ਗੁਪਤ ਏਜੰਸੀਆਂ ਰਾਹੀਂ ਬਕਰੇ ਝਟਕਣ ਬਾਰੇ ਪਤਾ



www.AKJ.Org

ਨਹੀਂ ਚਲ ਸਕਿਆ ਤਾਂ ਇਹ ਸਾਡਾ ਹੀ ਖ਼ਿਆਲੀ ਪਲਾਉ ਹੈ ਤੇ ਉਸ ਦੀ ਜ਼ਬਰਦਸਤ ਪ੍ਰਬੰਧਕੀ ਸ਼ਕਤੀ ਤੇ ਨਿਰਮੂਲ ਕਿੰਤੂ ਹੈ।

ਪਤਾ ਚਲਦਾ ਹੈ ਕਿ ਦਸਮੇਸ਼ ਜੀ ਦੇ ਵੇਲੇ ਇਕ ਅਬੂਉਲ ਤਰਾਨੀ ਮੁਗਲ ਸਰਕਾਰ ਵਲੋਂ ਅਨੰਦਪੁਰ ਸਾਹਿਬ ਵਿਖੇ ਗੁਪਤ ਰਿਪੋਰਟਾਂ ਭੇਜਣ ਨੂੰ ਕਰਮਚਾਰੀ ਲਾਇਆ ਹੋਇਆ ਸੀ (ਪੜ੍ਹੋ ਕਿਤਾਬ—''ਵਿਸਖੀ ਦੀ ਸਾਖੀ'' ਕ੍ਰਿਤ ਵੈਦ ਗੁਰਚਰਨ ਸਿੰਘ, ਪੰਨੇ ਡ–ਬ)। ਇਸ ਕਿਤਾਬ ਅਨੁਸਾਰ ਅਬੂਉਲ ਤਰਾਨੀ ਨੇ ਆਪਣੇ ਅੱਖੀਂ ਦਸਮ ਪਾਤਿਸ਼ਾਹ ਨੂੰ ਪੰਜਾਂ ਪਿਆਰਿਆਂ ਦੇ ਸੀਸ ਕੱਟਦੇ, ਜੋੜਦੇ ਤੇ ਫੇਰ ਉਹਨਾਂ ਨੂੰ ਅੰਮ੍ਰਿਤ ਛਕਾਉਂਦੇ ਵੇਖਿਆ। ਬਲਕਿ ਗੁਰੂ ਪਾਤਿਸ਼ਾਹ ਨੂੰ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤਿ ਮੰਗਦੇ ਵੀ ਦੇਖਿਆ ਸੀ।

ਉਹ ਬਹੁਤ ਪ੍ਰਭਾਵਤ ਹਇਆ, ਮੁਗਲ ਸਰਕਾਰ ਨੂੰ ਇਸ ਅਦਭੁਤ ਘਟਨਾ ਦੀ ਆਖ਼ਿਰੀ ਖ਼ੁਫ਼ੀਆ ਰਿਪੋਰਟ ਭੇਜ ਕੇ ਅਸਤੀਫ਼ਾ ਭੀ ਭੇਜ ਦਿੱਤਾ। ਉਹ ਗੁਰੂ ਪਾਤਿਸ਼ਾਹ ਨੂੰ ਬੇਨਤੀ ਕਰ ਕੇ ਸਿੰਘ ਸਜ ਗਿਆ। ਉਸ ਦਾ ਨਾਮ ਅਜਮੇਰ ਸਿੰਘ ਰਖਿਆ ਗਿਆ ਤੇ ਅੰਤ ਨੂੰ ਜੰਗਾਂ-ਜੁੱਧਾਂ ਵਿਚ ਮੁਗਲਾਂ ਵਿਰੁਧ ਲੜ ਕੇ ਸ਼ਹੀਦ ਹੋਇਆ। ਹੋਰ ਤਫ਼ਸੀਲ ਇਸ ਕਿਤਾਬ ਵਿਚ ਪੜ੍ਹੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਹੇਠ ਲਿਖੇ ਵਾਕਿਆਤੀ ਗਵਾਹੀ (*Circumstantial Evidence*) ਦਾ ਕਿਸੇ ਕੋਲ ਕੀ ਜਵਾਬ ਹੈ ?

(੧) ਗੁਰੂ ਪਾਤਿਸ਼ਾਹ ਦੇ ਜਾਨੀ ਦੁਸ਼ਮਨਾਂ/ਨਿੰਦਕਾਂ/ਦੋਖੀਆਂ ਵਿਚੋਂ ਓਦੋਂ ਕਿਸੇ ਨੇ ਕਦੇ ਕੋਈ ਊਜ ਨਹੀਂ ਲਾਈ ਕਿ ਹਜ਼ੂਰ ਨੇ ਪਿਆਰਿਆ ਦੇ ਸੀਸ ਮੰਗ ਕੇ ਬਕਰੇ ਝਟਕਾਏ। ਜੇਕਰ ਕਿਸੇ ਨੂੰ ਕੋਈ ਸ਼ੱਕ ਹੁੰਦਾ ਤਾਂ ਉਹ ਰੌਲਾ ਪਾ ਕੇ ਬਾ-ਆਵਾਜ਼ ਬਲੰਦ ਇਸ ਨੂੰ ਦੰਭ, ਝੂਠ, ਮੱਕਾਰੀ, ਪਖੰਡ ਆਦਿ ਨਾਂ ਦਿੰਦੇ (ਗੁਰੂ ਪਾਤਿਸ਼ਾਹ ਬਖਸ਼ਿਸ਼ ਕਰ ਕੇ ਦਲੀਲ ਦੇਣ ਖ਼ਾਤਰ ਮੇਰੀ ਇਸ ਅਤਿ-ਨੀਵੀਂ ਟਿਪਣੀ ਦੀ ਮੁਆਫ਼ੀ ਦੇਣ)।

(੨) ਕੀ ਇਹ ਹਕੀਕਤ ਨਹੀਂ ਕਿ ਗੁਰੂ-ਪਾਤਿਸ਼ਾਹ ਦੇ ਤਲਵਾਰਾਂ ਚਲਾਉਣ ਬਾਅਦ ਖ਼ੂਨ ਦੀਆਂ ਵਗਦੀਆਂ ਧਾਰਾਂ ਸਾਰੀ ਹਾਜ਼ਰ ਸੰਗਤ ਨੇ ਦੇਖੀਆਂ; ਜਿਸ ਕਾਰਨ ਸੰਗਤ ਵਿਚ ਬਹੁਤ ਹਰਾਸ/ਅਫਰਾ ਤਫਰੀ ਫੈਲ ਗਈ ਸੀ। ਕਈ ਸੱਜਣ ਮਾਤਾ ਗੁਜਰੀ ਜੀ ਕੋਲ ਦਸਮ ਪਾਤਿਸ਼ਾਹ ਨੂੰ ਵਰਜਣ ਲਈ ਜਾ ਹਾਜ਼ਰ ਹੋਏ ਸਨ ?

(੩) ਵੈਸਾਖੀ ੧੬੯੯ ਤੋਂ ੬ ਬਰਸ ਪਿਛੋਂ ਪਿੰਡ ਦੀਨਾ-ਕਾਂਗੜ ਤੋਂ ਗੁਰੂ ਮਹਾਰਾਜ ਨੇ ਔਰੰਗਜ਼ੇਬ ਨੂੰ ਵੰਗਾਰ ਪਾ ਕੇ ਜ਼ਫਰਨਾਮਾ ਲਿਖ ਕੇ ਭੇਜਿਆ, ਉਸ ਦਾ ਸ਼ਿਅਰ ਨੰ: ਪਪ ਹੈ—

ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ॥
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ॥

ਭਾਵ, ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ ਹੋਵੇ। ਇਹ ਠੀਕ ਨਹੀਂ ਕਿ ਦਿਲ (ਪੇਟ) ਵਿਚ ਹੋਰ ਤੇ ਮੂੰਹ ਵਿਚ ਕੁਝ ਹੋਰ ਹੋਵੇ।

ਇਹ ਸ਼ਿਅਰ ਗੁਰੂ ਪਾਤਿਸ਼ਾਹ ਦੀ ਕਥਨੀ ਤੇ ਕਰਣੀ ਵਿਚ ਰਤਾ ਭਰ ਵੀ ਫ਼ਰਕ ਨਾ ਹੋਣ ਦਾ ਅਕੱਟ ਸਬੂਤ ਹੈ। ਜੇ ਹੁੰਦਾ ਤਾਂ ਨਾ ਗੁਰੂ ਪਾਤਿਸ਼ਾਹ ਦਲੇਰੀ ਨਾਲ ਵੰਗਾਰ ਕੇ ਲਿਖ ਸਕਦੇ ਤੇ ਨਾ ਔਰੰਗਜ਼ੇਬ ਵਰਗਾ ਮਹਾਨ ਚੇਕੰਨਾ ਸ਼ਾਸਕ ਸੁਣ ਲੈਂਦਾ।

(੪) ਕੀ ਔਰੰਗਜ਼ੇਬ ਨੂੰ ਉਸ ਦੇ ਗੁਪਤ ਸੂਤਰਾਂ ਜਾਂ ਕਿਸੇ ਗੁਰੂ ਨਿੰਦਕ ਨੇ ੬ ਸਾਲਾਂ ਵਿਚ ਕੋਈ ਕੰਨਸੋਅ ਨਾ ਦਿੱਤੀ, ਜੋ ਕਿ ਬਹੁਤ ਸਮਾਂ ਪਿਛੋਂ ਜੰਮੇ ਹੋਏ ਇਤਿਹਾਸਕਾਰਾਂ ਨੇ ਬੱਕਰੇ ਝਟਕਣ ਬਾਰੇ ਲਿਖ ਮਾਰੀ ਹੈ।

(੫) ਗੱਲ ਤਾਂ ਕੇਵਲ ਇਹ ਹੈ ਕਿ ਮਨੁੱਖੀ ਮਨ ਤੇ ਦਲੀਲ ਸੀਸ ਕੱਟ ਕੇ ਫੇਰ ਪਿਆਰਿਆਂ ਨੂੰ ਜੀਵਤ ਕਰਨਾ ਇਕ ਅਣਹੋਣੀ ਕਰਾਮਾਤ ਹੀ ਸਮਝਦਾ ਹੈ।

ਪਰ, ਕੀ ਅਸੀਂ ਸਮਰੱਥ ਗੁਰੂ ਨੂੰ ਆਪਣੀ ਦਲੀਲ ਦੇ ਤਰਾਜ਼ੂ ਤੇ ਤੋਲਣ ਸਮੇਂ ਵਾਕਿਆਤੀ ਗਵਾਹੀ (*Circumstantial Evidence*) ਨੂੰ ਵਾਧੂ ਤੇ ਬੇਮਾਅਨੀ ਨਹੀਂ ਦਸ ਰਹੇ, ਜੋ ਕਿ ਗਵਾਹੀ ਦੀ ਕਾਨੂੰਨ-ਪ੍ਰਣਾਲੀ

ਅਨੁਸਾਰ ਸਿੱਧੇ ਲਿਖਤੀ ਸਬੂਤ ਦੀ ਅਣਹੋਂਦ ਸਮੇਂ ਕਾਬਲੇ-ਯਕੀਨ ਮੰਨੀ ਜਾਂਦੀ ਹੈ।

(੬) ਗੁਰੂ ਪਾਤਿਸ਼ਾਹ ਦੇ ਚੋਜਾਂ/ਕਰਾਮਾਤਾਂ ਦੇ ਕਈ ਪਰਤੱਖ ਪਰਗਟ ਪਹਾਰੇ ਜ਼ਾਹਰੀ ਸਬੂਤ ਮੌਜੂਦ ਹੈ : ਗੁਰੂ ਨਾਨਕ ਸਾਹਿਬ ਦਾ ਪੰਜਾ ਸਾਹਿਬ, ਤਰ ਈ ਵਿਚ ਮਿੱਠਾ ਰੀਠਾ, ਨਾਨਕ ਝੀਰਾ (ਬਿਦਰ–ਕਰਨਾਟਕ) ਵਿਚ ਬੰਜਰ ਪਥਰੀਲੀ ਧਰਤੀ ਵਿਚੋਂ ਚਸ਼ਮੇ ਜਾਰੀ ਕਰਨਾ (ਪੜ੍ਹੋ ਹੈਦਰਾਬਾਦ ਹਾਈਕੋਰਟ ਦਾ ਪਾਕਿਸਤਾਨ ਬਣਨ ਤੋਂ ਪਿਛੋਂ ਦਾ ਫ਼ੈਸਲਾ), ਗੁਰੂ ਹਰਗੋਬਿੰਦ ਸਾਹਿਬ ਦਾ ਸਿਰੀਨਗਰ ਸ਼ਹਿਰ (ਕਸ਼ਮੀਰ) ਗੁਰਦਵਾਰਾ ਛੇਵੀਂ ਪਾਤਿਸ਼ਾਹੀ ਵਿਖੇ ਮਾਈ ਦੇ ਘਰ ਉੱਚੀ ਚਟਾਨ 'ਚੋਂ ਨੇਜ਼ੇ ਨਾਲ ਖੂਹੀ ਪਰਗਟ ਕਰਨਾ, ਦਸਮ ਪਾਤਿਸ਼ਾਹ ਦਾ ਗੁਰੂ ਕਾ ਲਾਹੌਰ (ਨੇੜੇ ਅਨੰਦਪੁਰ ਸਾਹਿਬ) ਨੇਜ਼ੇ ਮਾਰ ਕੇ ਪੱਥਰ 'ਚੋਂ ਪਾਣੀ ਦੀਆਂ ਧਾਰਾਂ ਪਰਗਟ ਕਰਨਾ ਹੁਣ ਵੀ ਵੇਖੇ ਜਾ ਸਕਦੇ ਹਨ। ਪਰਤੱਖ ਨੂੰ ਪ ਮਾਣ ਦੀ ਲੋੜ ਨਹੀਂ ਹੁੰਦੀ।

ਪਰ ਪਾਠਕ ਜਨ ਇਤਰਾਜ਼ ਕਰ ਸਕਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੫੯੩ ਤੇ ਬਾਣੀ ਦਰਜ ਹੈ : "ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ" ਅਤੇ ਪੰਨਾ ੬੫੦ ਤੇ "ਧਿਗੁ ਸਿਧੀ ਧਿਗੁ ਕਰਮਾਤਿ" ਕਿਹਾ ਗਿਆ ਹੈ। ਨਿਮ੍ਰਤਾ ਸਹਿਤ ਅਰਜ਼ ਹੈ ਕਿ ਕਰਾਮਾਤ/ਰਿਧੀ-ਸਿਧੀ ਉਹ ਵਿਵਰਜਤ ਹੈ ਜੋ ਲੋਕ-ਵਿਖਾਵੇ ਲਈ ਜਾਂ ਆਪਹੁਦਰੀ ਕੀਤੀ ਜਾਵੇ। ਜਿਵੇਂ ਗੁਰੂ ਹਰਿ ਗੋਬਿੰਦ ਸਾਹਿਬ ਮਹਾਰਾਜ ਨੇ ਬਾਬਾ ਗੁਰਦਿਤਾ ਨੂੰ ਗਊ ਜ਼ਿੰਦਾ ਕਰਨ ਤੇ ਬਾਬਾ ਅਟੱਲ ਜੀ ਨੂੰ ਮਰੇ ਹੋਏ ਲੜਕੇ ਮੋਹਨ ਨੂੰ ਮੁੜ ਜੀਵਤ ਕਰਨਾ ਵਰਜਿਆ ਸੀ।

ਅਚਿੰਤ ਵਾਪਰਦੀਆਂ ਚਮਤਕਾਰੀ ਘਟਨਾਵਾਂ ਦੀ ਪੁਸ਼ਟੀ ਲਈ ਗੁਰਬਾਣੀ ਦੀਆਂ ਹੇਠ ਲਿਖੀਆਂ ਟੂਕਾਂ ਸ਼ਰਧਾ ਨਾਲ ਪੜ੍ਹੀਆਂ ਜਾਣ :–

(੧) ਨਾਨਕਾ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥ (ਪੰਨਾ ੪੭੪-੭੫)

(੨) ਸਾ ਸਿਧਿ ਸਾ ਕਰਮਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥੨॥੨੦॥ (ਪੰਨਾ ੬੫੦)

(੩) ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ਰਹਾਉ॥੧੨੯॥ (ਪੰਨਾ ੪੦੩)

(੪) ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ਰਹਾਉ॥੬੯॥ (ਪੰਨਾ ੮੧੭)

(੫) ਹਰ ਆਂ ਕਸ ਕਿ ਈਮਾਂ ਪ੍ਰਸਤੀ ਕੁਨਦ ॥
ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨਦ ॥੪੭॥ (ਪਾ: ੧੦, ਜ਼ਫ਼ਰਨਾਮਾ)

ਭਾਵ, ਜੋ ਆਦਮੀ ਧਰਮ-ਈਮਾਨ ਉਤੇ ਚਲਣ ਵਾਲਾ ਹੁੰਦਾ ਹੈ, ਉਹ ਕਦੀ ਆਪਣੇ ਵਾਅਦੇ ਤੋਂ ਟਾਲ-ਮਟੋਲ ਨਹੀਂ ਕਰਦਾ।

ਦਸਮ ਪਾਤਸ਼ਾਹ ਦਾ ਉਪ੍ਰੋਕਤ ਇਲਾਹੀ ਕਲਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੈਨ ਅਨੁਕੂਲ ਹੈ। ਗੁਰਬਾਣੀ ਫ਼ੁਰਮਾਨ–

(ੳ) ਪੂਰਨ ਪੁਰਖ ਨਹੀਂ ਡੋਲਾਨੇ ॥੨॥੨੦॥ (ਪੰਨਾ ੨੮੯)

(ਅ) ਸੂਰਬੀਰ ਬਚਨ ਕੇ ਬਲੀ ॥੩॥੮੮॥ (ਪੰਨਾ ੩੯੨)

(ੲ) ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥੧॥ (ਪੰਨਾ ੪੮੮)

(ਸ) ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥੨੫॥ (ਪੰਨਾ ੧੦੯੯)

ਸੋ ਗੁਰਬਾਣੀ ਦੇ ਹੁਕਮ ਅਤੇ ਜ਼ਫ਼ਰਨਾਮਾ ਦਾ ਸ਼ਿਅਰ ਨੰ: ੫੫ ਪੂਰੀ ਤਰ੍ਹਾਂ ਸਪੱਸ਼ਟ ਕਰਦੇ ਹਨ ਕਿ ਦਸਮ ਪਿਤਾ ਨੇ ਆਪਣੇ ਬਚਨ ਅਤੇ ਇਸ਼ਟ ਦੇ ਹੁਕਮ ਅਨੁਸਾਰ ਸਿੰਘਾਂ ਦੇ ਸੀਸ ਹੀ ਝਟਕੇ ਸਨ। ਹੋਰ ਕੋਈ ਵਿਖਾਵਾ ਨਹੀਂ ਕੀਤਾ। ['ਗੁਰਮਤਿ ਪ੍ਰਕਾਸ਼' ਅਪ੍ਰੈਲ ੯੧ ਵਿਚਲੇ ਲੇਖ ਵਿਚੋਂ



www.AKJ.Org

# ਦਾੜ੍ਹੇ ਪ੍ਰਕਾਸ਼ ਕਰਨਾ ਗੁਰਸਿੱਖੀ ਨੂੰ ਦੇਣ ਹੈ

ਸਾਡੇ ਕਈ ਵੀਰ ਗੁਰਮਤਿ ਤੋਂ ਥਿੜਕ ਕੇ, ਰੀਸੋ ਰੀਸੀ ਜਾਂ ਸੰਗਤ ਦੇ ਪ੍ਰਭਾਵ ਕਰਕੇ ਆਪਣੇ ਗੁਰਸਿੱਖੀ ਸਰੂਪ ਨੂੰ ਸੰਕੋਚਦੇ ਫਿਰਦੇ ਹਨ ਅਤੇ ਆਪਣੇ ਸੁੰਦਰ ਦਾੜ੍ਹੇ ਨੂੰ ਜਕੜ ਕੇ ਬੰਨ੍ਹਦੇ ਹੋਏ ਲੁਕਾਣਾ ਚਾਹੁੰਦੇ ਹਨ। ਉਹ ਐਉਂ ਮਹਿਸੂਸ ਕਰਦੇ ਜਾਪਦੇ ਹਨ ਜਿਵੇਂ ਉਨ੍ਹਾਂ ਦਾ ਮਾਹੌਲ, ਉਨ੍ਹਾਂ ਦਾ ਆਲਾ ਦੁਆਲਾ ਇਸ ਸੰਕੋਚਵੇਂ ਰੂਪ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ। ਪਰ ਇਹ ਉਨ੍ਹਾਂ ਨੂੰ ਨਿਰਾ ਭੁਲੇਖਾ ਹੈ,ਅਸਾਂ ਪ੍ਰਸੰਨ ਤਾਂ ਸਤਿਗੁਰੂ ਨੂੰ ਕਰਨਾ ਹੈ ਅਤੇ ਉਨ੍ਹਾਂ ਦੀ ਬਖ਼ਸ਼ੀ ਰਹਿਤ ਬਹਿਤ ਨੂੰ ਧਾਰਨਾ ਹੈ। ਸਤਿਗੁਰੂ ਦੇ ਸਰੂਪ ਨੂੰ ਅਪਨਾਉਣਾ ਹੈ। ਦਾੜ੍ਹੇ ਨੂੰ ਜਕੜਿਆਂ ਸਤਿਗੁਰੂ ਦਾ ਰੂਪ ਨਹੀਂ ਅਪਣਾਇਆ ਜਾ ਸਕਦਾ। ਵੀਰੋ, ਦਾੜ੍ਹਾ ਖੋਲ੍ਹ ਕੇ ਪ੍ਰਕਾਸ਼ ਕਰ ਵੇਖੋ, ਆਪਣੇ ਚਿਹਰੇ ਨੂੰ ਸ਼ੀਸ਼ੇ ਦੇ ਸਾਹਮਣੇ ਰਖ ਕੇ ਤਕੋ, ਤੁਹਾਨੂੰ ਆਪ ਹੀ ਮਹਿਸੂਸ ਹੋਵੇਗਾ ਕਿ ਤੁਹਾਡੇ ਚਿਹਰੇ ਦਾ ਰੂਪ ਪਹਿਲੇ ਨਾਲੋਂ ਦੂਣ-ਸਵਾਇਆ ਵਧ ਗਿਆ ਹੈ। ਤੁਹਾਨੂੰ ਇਸ ਚਿਹਰੇ ਵਿਚੋਂ ਸਤਿਗੁਰੂ ਦੇ ਦਰਸ਼ਨ ਹੋਣਗੇ।

ਜੇ ਤੁਸੀਂ ਕਿਸੇ ਦਫ਼ਤਰ ਵਿਚ ਜਾਂ ਆਨਮਤੀ ਸੰਸਥਾ ਵਿਚ ਵੀ ਕੰਮ ਕਰਦੇ ਹੋਵੋਗੇ ਤਾਂ ਉਥੇ ਪਹਿਲਾਂ ਪਹਿਲ ਪੰਜ ਸਤ ਦਿਨ ਸਾਥੀਆਂ ਨੂੰ ਓਪਰੇ ਓਪਰੇ ਭਾਸੋਗੇ, ਪਰ ਫਿਰ ਰਚ-ਮਿਚ ਜਾਓਗੇ ਅਤੇ ਤੁਹਾਡੇ ਪ੍ਰਕਾਸ਼-ਮਈ ਸਰੂਪ ਦੇ ਪ੍ਰਭਾਵ ਹੇਠ ਤੁਹਾਡਾ ਸਤਿਕਾਰ ਪਹਿਲਾਂ ਨਾਲੋਂ ਵਧ ਜਾਵੇਗਾ, ਹਰ ਕੋਈ ਇਸ ਸੁੰਦਰ ਸਰੂਪ ਦੇ ਪ੍ਰਭਾਵ ਨੂੰ ਗ੍ਰਹਿਣ ਕਰੇਗਾ ਅਤੇ ਭੈ-ਭਾਵਨੀ ਵਿਚ ਰਹੇਗਾ।

ਸਤਿਗੁਰੂ ਦਾ ਅੰਮ੍ਰਿਤ ਛਕਿਆ ਹੈ ਅਤੇ ਗੁਰੂ ਵਾਲੇ ਬਣੇ ਹਾਂ। ਗੁਰੂ ਵਾਲੇ ਬਣ ਕੇ, ਦਾੜ੍ਹੇ ਪ੍ਰਕਾਸ਼ ਕਰ ਕੇ ਦੀਦਾਰੀ ਗੁਰਸਿਖ ਬਣਨਾ ਹੈ,ਨਾ ਕਿ ਦਾੜ੍ਹੇ ਬੰਨ੍ਹ ਕੇ ਆਪਣੇ ਆਪ ਨੂੰ ਲੁਕਾਂਦੇ ਫਿਰਨਾ ਹੈ। ਦੀਦਾਰੀ ਸਰੂਪ ਵਾਲੇ ਚਿਹਰੇ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਜੋਤਿ ਦਗ ਦਗ ਕਰਦੀ ਦਿਸੇਗੀ।

ਨੌਜਵਾਨੋ! ਦਾੜ੍ਹੇ ਪ੍ਰਕਾਸ਼ ਕਰਨ ਵਿਚ ਤੁਸੀਂ ਪਹਿਲ ਕਰੋ, ਫਿਰ ਤੁਹਾਡੇ ਪ੍ਰਭਾਵ ਹੇਠ ਆਪਣੇ ਆਪ ਜਵਾਨੀ ਢਲ-ਚੁਕੇ ਅਤੇ ਬੁੱਢੇ ਠੇਰੇ ਵੀ ਦਾੜ੍ਹੇ ਕੂੜਨਾ ਛਡ ਦੇਣਗੇ ਅਤੇ ਸਭ ਪਾਸੇ ਗੁਰੂ ਕਲਗੀਧਰ ਦੇ ਗੁਰਸਿਖ ਪ੍ਰਕਾਸ਼-ਮਈ ਦਾੜ੍ਹਿਆਂ ਨਾਲ ਸ਼ੋਭਨੀਕ ਦਿਸਣਗੇ। ਤੁਹਾਡਾ ਇਹ ਉਦਮ ਗੁਰਸਿੱਖੀ ਨੂੰ ਇਕ ਵੱਡੀ ਦੇਣ ਹੋਵੇਗਾ। ਇਉਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ।

---

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਭਾ: ਨਵਜੋਤ ਸਿੰਘ, ਮੋਹਾਲੀ (ਚੜ੍ਹਾਵਾ ਸਮਾਗਮ) | ੩੩੩-੦੦ | ਭਾ: ਫੌਜਿੰਦਰ ਸਿੰਘ ਮੁਹਾਲੀ(ਗੁਰੂ ਕੀ ਗੋਲਕ) | ੧੪੭-੮੦ |
| ਖਾਲਸਾ ਕਰੈਡਿਟ ਯੂਨੀਅਨ ਸਰੀ | ੪੭-੦੦ | ਸ: ਸਾਧੂ ਸਿੰਘ ਵਰਨਨ | ੫੧੭-੦੦ |
| ਸ: ਮਹਿੰਦਰ ਸਿੰਘ ਓਟਾ ਹੂ ਹੂ | ੧੦੨-੭੧ | ਸ: ਰਾਜਿੰਦਰ ਸਿੰਘ ਵੈਨਕੋਵਰ ਰਾਹੀਂ ਭਾ: ਹਰਦਿਤ ਸਿੰਘ ਦਿਲੀ | ੩੦੦੦-੦੦ |
| ਭਾ: ਜੋਗਿੰਦਰ ਸਿੰਘ ਮਜੀਠਾ (ਚੜ੍ਹਾਵਾ ਸਮਾਗਮ) | ੧੦੯-੩੦ | ਗੁਰੂ ਘਰ ਦਾ ਸੇਵਕ ਜੋਧਪੁਰ | ੧੦੦-੬੭ |

---

# ਕੀਰਤਨ ਪ੍ਰੋਗਰਾਮ

ਢੁਡੀਆਂ ਵਾਲਾ (ਕਪੂਰਥਲਾ) ਭਾ: ਹਰਬੰਸ ਸਿੰਘ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ 6 ਸਤੰਬਰ

ਸੁਰਖਾਂ (ਕਪੂਰਥਲਾ) ਭਾ: ਜਗਜੀਤ ਸਿੰਘ ਖਾਲਸਾ, ਰੈਣ ਸਬਾਈ ੧੯ ਸਤੰਬਰ

ਪਿੰਡ ਰਾਏਪੁਰ, ਗ੍ਰਹਿ ਭਾ: ਜਗਜੀਤ ਸਿੰਘ, ਸ੍ਰੀ ਅਖੰਡਪਾਠ ਤੇ ਰੈਣ ਸਬਾਈ ੧੯ ਸਤੰਬਰ

ਪਿੰਡ ਵੜਿੰਗ, ਗ੍ਰਹਿ ਬਾਬੂ ਮਖਣ ਸਿੰਘ, ਸ੍ਰੀ ਅਖੰਡਪਾਠ ਤੇ ਰੈਣ ਸਬਾਈ ੨੬ ਸਤੰਬਰ

ਅੰਮੋਨੰਗਲ (ਨੇੜੇ ਬਟਾਲਾ) ਗ੍ਰਹਿ ਸ: ਨਿਸ਼ਾਨ ਸਿੰਘ, ਰੈਣ ਸਬਾਈ ੨੬ ਸਤੰਬਰ

ਲਤੀਫ਼ਪੁਰ (ਖ਼ਾਨਪੁਰ) ਗੁ: ਸਿੰਘ ਸਭਾ, ਰੈਣ ਸਬਾਈ ੨੬ ਸਤੰਬਰ

ਮੋਹਾਲੀ ਮਕਾਨ ਨੰ: ੩੯੩, ਫ਼ੇਜ਼ ੩-ਏ, ਭਾ: ਗੁਰਦੀਪ ਸਿੰਘ, ਰੈਣ ਸਬਾਈ ੨੬ ਸਤੰਬਰ

ਦਿਆਲਪੁਰ ਵਿਖੇ ਸਾਲਾਨਾ ਪ੍ਰੋਗਰਾਮ 17 ਅਕਤੂਬਰ ਨੂੰ ਹੈ। ਵੇਰਵਾ ਆਉਂਦੇ ਸੂਰਾ ਵਿਚ

ਮੋਗਾ ਵਿਖੇ ਸਾਲਾਨਾ ਸਮਾਗਮ 29-10-92 ਤੋਂ 1-11-92 ਤਕ ਹੋਣਗੇ। ਵੇਰਵਾ ਆਉਂਦੇ 'ਸੂਰਾ' ਵਿਚ

www.AKJ.Org

# ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਗੁਪਤ ਸੇਵਾ ੫੦੦-੦੦ ਗੁਪਤ ਸੇਵਾ | ੨੭੦੦-੦੦ |
| ਬੀਬੀ ਕੁਲਦੀਪ ਕੌਰ ਮੋਹਾਲੀ' | ੧੦੦੦-੦੦ |
| ਗੁਪਤ ਸੇਵਾ ੫੦੦-੦੦ ਗੁਪਤ ਸੇਵਾ | ੩੦੦-੦੦ |
| ਭਾਈ ਜਸਮੇਲ ਸਿੰਘ ਸਲੋਅ ਯੂ.ਕੇ. | ੩੨੫੦-੦੦ |
| ਬੀ: ਬਲਬੀਰ ਕੌਰ ਸੁਰਿੰਦਰ ਸਿੰਘ ਰੈਡਿੰਗ | ੨੨੫੦-੦੦ |
| ਭ ਈ ਅਮਰਜੀਤ ਸਿੰਘ ਬਰੈਡਫੋਰਡ ਯੂ ਕੇ. | ੪੯੫੦-੦੦ |
| ਭ ਈ ਦਲਬੀਰ ਸਿੰਘ ਗਿਲ ਬਰੈਡਫੋਰਡ ਯੂ.ਕੇ. | ੧੧੦੪-੦੦ |
| ਭਾਈ ਕੁਲਵੰਤ ਸਿੰਘ ਨੋਟਿੰਘਮ ,, | ੧੪੫੦-੦੦ |
| ਬੀ. ਸੀਤਲ ਕੌਰ ਬੀ. ਸ਼ਰਨਜੀਤ ਕੌਰ ਰੈਡਿੰਗ (ਮਦਰਾਸੀ ਪਰਵਾਰ ਲਈ) | ੫੦੦-੦੦ |
| ਸ੍ਰੀਮਤੀ ਕੌਰ ਸਲੋਅ ਯੂ,ਕੇ. | ੭੦੦-੦੦ |
| ਭਾਈ ਸੋਹਨ ਸਿੰਘ ਸਲੋਅ ,, | ੧੯੯੦-੦੦ |
| ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ ,, | ੪੯੦੦-੦੦ |
| ਬੀਬੀ ਬਲਬੀਰ ਕੌਰ ਚੈਥਮ ਕੈਂਟ ,, | ੨੪੦੦-੦੦ |
| ਸ: ਮੋਹਨ ਸਿੰਘ ਸਲੋਅ ,, | ੨੪੦੦-੦੦ |
| ਸ: ਮਲਕੀਅਤ ਸਿੰਘ ਸਲੋਅ ,, | ੨੪੦੦-੦੦ |
| ਸ: ਲਹਿੰਬਰ-ਸਿੰਘ ਸਲੋਅ (ਦੋ ਵਾਰ) ,, | ੬੭੫੦-੦੦ |
| ਸ: ਦੇਰਸ਼ਨ ਸਿੰਘ ਮੂਲੀਆਂ ਵਾਲ | ੫੦-੦੦ |
| ਗੁਪਤ ਸੇਵਾ ਮੈਲਬੋਰਨ (ਅਸਟ੍ਰੇਲੀਆ) | ੪੫੯੦-੦੦ |
| ਬੀਬੀ ਜੀ. ਸੋਨੀਪਤ | ੨੦੦੫-੦੦ |
| ਸ. ਰਾਜਿੰਦਰ ਸਿੰਘ ਵੈਨਕੋਵਰ ਕੈਨੇਡਾ | ੧੫੦੦੦-੦੦ |
| ਸ. ਪਰਦੰਮਨ ਸਿੰਘ ਜਲੰਧਰ (ਗੋਲਕ ਫੰਡ) | ੧੦੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਪ੍ਰਵਾਰ ਭਾ: ਈਸ਼ਰ ਸਿੰਘ ਜੀ ਅੰਮ੍ਰਿਤਸਰ(ਚੜ੍ਹਾਵਾ) | ੨੯੪-੦੦ |
| ਬੀਬੀ ਬਲਬੀਰ ਕੌਰ ਭੁਜ (ਗੁਜਰਾਤ) | ੧੦੦੦-੦੦ |
| ਭਾਈ ਜਗੀਰ ਸਿੰਘ ਲਿਸਟਰ ਯੂ.ਕੇ. | ੪੯੦੦-੦੦ |
| ਭਾਈ ਅਮਰਜੀਤ ਸਿੰਘ ਪਨੇਸਰ ਲੰਡਨ | ੬੭੦-੦੦ |
| ਮਾਸਟਰ ਜਸਬੀਰ ਸਿੰਘ ਜੰਡੀ ਗ੍ਰੇਵਜ਼ੈਂਡ | ੨੪੦-੦੦ |
| ਭਾਈ ਬਿਕਰਮ ਸਿੰਘ ਡਡਲੀ ਯੂ.ਕੇ. | ੫੫੦-੦੦ |
| ਸਾਧ ਸੰਗਤ ਡਡਲੀ (ਕੀਰਤਨ ਭੇਟ) | ੨੪੦੦-੦੦ |
| ਬੀਬੀ ਜੀ, ਗ੍ਰੇਵਜ਼ੈਂਡ ਕੈਂਟ ਯੂ.ਕੇ. | ੨੪੦੦-੦੦ |
| ਭਾ: ਟਹਿਲ ਸਿੰਘ ਅਤੇ ਪਰਵਾਰ ਨੌਰਥਫ਼ੀਲਡ ਪਰਵਾਰ ਦੀ ਚੜ੍ਹਦੀ ਕਲਾ ਹਿਤ | ੩੦੦੦੦-੦੦ |
| ਬੀ. ਕੁਲਦੀਪ ਕੌਰ ਗ੍ਰੇਵਜ਼ੈਂਡ ਕੈਂਟ ਯੂ.ਕੇ. | ੧੦੫੦-੦੦ |
| ਸਾਧ ਸੰਗਤ ਨੋਟਿੰਘਮ ,, | ੧੫੦੦੦-੦੦ |
| ਗੁਪਤ ਸੇਵਾ | ੧੦੦੦-੦੦ |
| ਸ. ਸਵਰਨ ਸਿੰਘ ਕਿਲ੍ਹਾ ਰਾਇਪੁਰ | ੭੫-੦੦ |
| ਸ. ਅਮਰਜੀਤ ਸਿੰਘ ਲੁਧਿਆਣਾ | ੫੦੦-੦੦ |
| ਸ. ਸਰਬਜੀਤ ਸਿੰਘ ਅਮਲੋਹਰੀ ਪਰੋਜੈਕਟ | ੧੦੦੦-੦੦ |
| ਭਾਈ ਜਸਬੀਰ ਸਿੰਘ ਅੰਮ੍ਰਿਤਸਰ (ਭਾ: ਉਤਮ ਸਿੰਘ ਪਪੀਹਾ ਦੇ ਭੋਗ ਸਮੇਂ ਚੜ੍ਹਾਵਾ) | ੬੫-੭੫ |
| ਭਾਈ ਜਸਵਿੰਦਰ ਸਿੰਘ. ਲਿਸਟਰ ਯੂ.ਕੇ. | ੫੦੦੦-੦੦ |
| ਬੀਬੀ ਕੁਲਵਿੰਦਰ ਕੌਰ, ਲਿਸਟਰ ,, | ੧੦੦੦੦-੦੦ |
| ਭਾਈ ਬਲਵਿੰਦਰ ਸਿੰਘ, ਲਿਸਟਰ ,, | ੧੯੧੧੦-੦੦ |

# ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਸ਼ਹੀਦ ਬਲਬੀਰ ਸਿੰਘ ਬਾਲੇਚਕ ਦੇ ਪਰਵਾਰ ਨੂੰ ਸਿਰੋਪਾ | ੨੦੦-੦੦ |
| ਸ਼ਹੀਦ ਮਲੂਕ ਸਿੰਘ ਖੋਖਰ ਦੇ ਪਰਵਾਰ ਨੂੰ ਸਿਰੋਪਾ | ੫੦੦-੦੦ |
| ਭਾਈ ਤਰਲੋਕ ਸਿੰਘ ਬਟਾਲਾ ਘਰੇਲੂ ਲੋੜਾਂ | ੫੦੦-੦੦ |
| ਭਾਈ ਇੰਦਰਜੀਤ ਸਿੰਘ ਬਟਾਲਾ ਦੇ ਨਮਿਤ ਅਖੰਡ ਪਾਠ ਲਈ | ੬੦੦-੦੦ |
| ਭਾਈ ਸੁਲੱਖਣ ਸਿੰਘ ਮਹਿਰਾਜਪੁਰ ਨੂੰ ਸਿਰੋਪਾ | ੧੧੦੦-੦੦ |
| ਬੀਬੀ ਸਵਿੰਦਰ ਕੌਰ ਪੁਤਰੀ ਸ: ਬਿਸ਼ਨ ਸਿੰਘ ਜਵੰਦਾਂ—ਪਤੀ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |
| ਭਾਈ ਮੇਜਰ ਸਿੰਘ ਜਹੂਰਾ—ਪੁਲਸ-ਤਸ਼ੱਦਦ ਕਾਰਨ ਸਰੀਰ ਨਕਾਰਾ, ਘਰੇਲੂ ਲੋੜਾ | ੪੦੦੦-੦੦ |
| ਬੀ: ਸਤਬੀਰ ਕੌਰ ਪਤਨੀ ਡਾ.ਐਚ.ਐਸ, ਮਾਂਗਟ—ਪਤੀ ਹਿਰਾਸਤ ਵਿਚ, ਗੁਜ਼ਾਰਾ ਮੁਸ਼ਕਲ | ੪੦੦੦-੦੦ |
| ਬੀ: ਗੁਰਦੀਪ ਕੌਰ ਮਾਤਾ ਭਾ: ਸੁਲੱਖਣ ਸਿੰਘ ਹੇਮਰਾਜਪੁਰ—ਪੁਤਰ ਜੇਲ੍ਹ ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਬਲਵਿੰਦਰ ਕੌਰ ਪਤਨੀ ਭਾ: ਰਜਿੰਦਰ ਸਿੰਘ ਕੋਟ ਖਾਲਸਾ—ਘਰੇਲੂ ਹਾਲਤ ਮਾੜੀ | ੪੦੦੦-੦੦ |
| ਬੀ: ਮਨਜੀਤ ਕੌਰ ਪੁਤਰੀ ਸ: ਅਮਰੀਕ ਸਿੰਘ ਕੋਟ ਖਾਲਸਾ—ਪਤੀ ਸ਼ਹੀਦ | ੪੦੦੦-੦੦ |
| ਬੀਬੀ ਨਵਦੀਪ ਕੌਰ ਦਦਾ ਖਿਚੜ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੨੦੦੦-੦੦ |
| ਬੀ: ਮਹਿੰਦਰ ਕੌਰ ਵਿਧਵਾ ਸੂਬੇਦਾਰ ਸ਼ਾਮ ਸਿੰਘ ਤਰਸਿਕਾ-ਦੋ—ਪੁਤਰ ਸ਼ਹੀਦ, ਘਰੇਲੂ ਲੋੜਾਂ | ੨੦੦੦-੦੦ |
| ਬੀ: ਸੰਤੋਖ ਕੌਰ ਪਤਨੀ ਭਾ: ਸੁਰਜੀਤ ਸਿੰਘ ਗਾਲਵਾਲ ਬਾਘਾ—ਪਤੀ ਨਕਾਰਾ, ਲੜਕੀਆਂ ਦੀ ਸ਼ਾਦੀ | ੪੦੦੦-੦੦ |
| ਬੀ: ਰਵਿੰਦਰ ਕੌਰ ਪਤਨੀ ਭਾਈ ਸੁਖਦੇਵ ਸਿੰਘ ਅੰਮ੍ਰਿਤਸਰ—ਪਤੀ ਪੁਲਸ ਤਸ਼ੱਦਦ ਕਾਰਨ ਨਕਾਰਾ | ੫੦੦੦-੦੦ |
| ਬੀ: ਰਣਜੀਤ ਕੌਰ ਪਤਨੀ ਭਾਈ ਬਲਦੇਵ ਸਿੰਘ ਗਾਗਾ—ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੨੦੦੦-੦੦ |
| ਬੀ: ਸੁਰਜੀਤ ਕੌਰ ਮਾਤਾ ਸ਼ਹੀਦ ਪ੍ਰੀਤਮ ਸਿੰਘ ਨਰਪੁਰ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਭਾਈ ਪੂਰਨ ਸਿੰਘ ਪੁਤਰ ਸ: ਦਿਆਲ ਸਿੰਘ ਪਟਿਆਲਾ—ਘਰੇਲੂ ਹਾਲਤ ਮਾੜੀ | ੪੦੦੦-੦੦ |

www.AKJ.Org

## ਬੀਬੀ ਰਣਜੀਤ ਕੌਰ ਸ਼ਿਮਲਾ ਅਕਾਲ ਚਲਾਣਾ ਕਰ ਗਏ



ਬੀਬੀ ਰਣਜੀਤ ਕੌਰ (ਸਿੰਘਣੀ ਸ: ਇੰਦਰ ਸਿੰਘ) ਖਾਲਸਾ ਬੂਟ ਹਾਊਸ ਸ਼ਿਮਲਾ ੧੪ ਅਗਸਤ ਨੂੰ ਅਚਣਚੇਤ ਚੋਲਾ ਛਡ ਗਏ। ਰਾਤ ਠੀਕ ਠਾਕ ਸਨ, ਅੰਮ੍ਰਿਤ ਵੇਲੇ ਵੇਖਿਆ ਗਿਆ ਤਾਂ ਭੌਰ ਉਡ ਚੁਕਾ ਸੀ ਅਤੇ ਸ਼ਾਂਤ-ਚਿਤ ਲੇਟੇ ਪ੍ਰਤੀਤ ਹੁੰਦੇ ਸਨ। ਬੀਬੀ ਜੀ ਗੁਰਸਿਖੀ ਕੇਸਾਂ ਸੁਆਸਾਂ ਸੰਗ ਤੋੜ ਨਿਭਾ ਗਏ। ਬਾਊ ਮੱਲ ਸਿੰਘ ਜੀ ਕੁਮਾਰਹੱਟੀ ਸਮਾਗਮ ਪਿਛੋਂ ਇਸ ਪਰਵਾਰ ਦੇ ਖਿਚੇ ਇਨ੍ਹਾਂ ਪਾਸ ਜਾਂਦੇ, ਬੀਬੀ ਜੀ ਨੂੰ ਉਹ ਲਾਡ ਨਾਲ 'ਅੰਮੀ ਜੀ' ਸਦਦੇ ਸਨ। ੨੩ ਅਗਸਤ ਬੀਬੀ ਜੀ ਨਮਿਤ ਅਖੰਡ ਪਾਠ ਤੇ ਕੀਰਤਨ ਹੋਏ। ਸਤਿਗੁਰੂ ਵਿਛੜੀ ਰੂਹ ਨੂੰ ਚਰਨਾਂ ਵਿਚ ਨਿਵਾਸ ਬਖ਼ਸ਼ਣ।

# ਦਿੱਲੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

| ਸਵੇਰੇ ਅਰੰਭ 5 ਵਜੇ | ਸ਼ਾਮ 7 ਤੋਂ 9 |
|---|---|
| 2-10-90 ਸ਼ੁਕਰਵਾਰ | ਗੁ. ਸ੍ਰੀ ਗੁਰੂ ਸਿੰਘ ਸਭਾ ਕਰੋਲ ਬਾਗ |
| 3-1[illegible]-92 ਗੁਰਦਵਾਰਾ ਸੀਸ ਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| [illegible]-10-92 ਗੁਰਦਵਾਰਾ ਬੰਗਲਾ ਸਾਹਿਬ | ,, ,, ,, |
| 5-[illegible]0-92 ,, ,, ,, | ਰੈਣ ਸਬਾਈ ਕੀਰਤਨ 8 ਵਜੇ ਅਰੰਭ ਗੁ: ਰਕਾਬ ਗੰਜ ਸਾਹਿਬ |
| ਅੰਮ੍ਰਿਤ ਸੰਚਾਰ 5-10-92 ਸ਼ਾਮ 6 ਵਜੇ ਗੁ: ਰਕਾਬ ਗੰਜ ਸਾਹਿਬ | (6-10-92 ਸਵੇਰੇ 6 ਵਜੇ ਸਮਾਪਤੀ) |

ਰਿਹਾਇਸ਼ ਤੇ ਲੰਗਰ—ਗੁਰੂ ਤੇਗ ਬਹਾਦਰ ਹਾਇਰ ਸਕੈਂਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿੱਲੀ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਦਿੱਲੀ

## ਬਾਊ ਮੱਲ ਸਿੰਘ ਜੀ ਬਰਸੀ 16 ਤੋਂ 18 ਅਕਤੂਬਰ ਤਰਨ ਤਾਰਨ—ਵੇਰਵਾ ਆਉਂਦੇ ਮਹੀਨੇ

## ਸ੍ਰੀ ਮੁਕਤਸਰ ਸਾਹਿਬ ਵਿਖੇ ਭੋਗ ਸ੍ਰੀ ਅਖੰਡ ਪਾਠ ਅਤੇ ਰੈਣ ਸਬਾਈ ਕੀਰਤਨ 12-9-92

ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ ਦੁਪਹਿਰ ਤਕ, ਰਾਤ ਰੈਣ ਸਬਾਈ ਗੁਰਦਵਾਰਾ ਤੰਬੂ ਸਾਹਿਬ ਵਿਖੇ

## ਗੁਰਦਵਾਰਾ ਪਾ: ੬ ਪੁਲ ਪੁਖ਼ਤਾ (ਨੇੜੇ ਟਾਂਡਾ) ਵਿਖੇ ਅਖੰਡਪਾਠ ਤੇ ਰੈਣ ਸਬਾਈ 12-9-92

ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ ਦੁਪਹਿਰ ਤਕ, ਰਾਤ ਰੈਣ ਸਬਾਈ ਅਤੇ ਅੰਮ੍ਰਿਤ ਸੰਚਾਰ

## ਰੋਪੜ ਨੌਂਹ ਕਾਲੋਨੀ ਗੁਰਦਵਾਰਾ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਵਿਖੇ ਸਮਾਗਮ

12 ਸਤੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ ਅਤੇ ਰਾਤ ਰੈਣ ਸਬਾਈ ਕੀਰਤਨ

## ਮਾਸਕ ਰੈਣ ਸਬਾਈ ਕੀਰਤਨ ਲੁਧਿਆਣਾ ਗੁਰਦਵਾਰਾ ਮਾਡਲ ਹਾਊਸ 12 ਸਤੰਬਰ

## ਅਖੰਡ ਕੀਰਤਨ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਗੁਰਦਵਾਰਾ ਗੁਰੂ ਨਾਨਕ ਸਤਿਸੰਗ, 62-ਫਾਰੈਸਟ ਰੋਡ, ਨੋਟਿੰਘਮ ਵਿਖੇ 12-9-92 ਨੂੰ ਰੈਣ ਸਬਾਈ ਕੀਰਤਨ ਹੋਣਗੇ। ਗੁਰਦਵਾਰਾ ਫ਼ੋਨ 0602-781394, ਭਾਈ ਮਲਕੀਤ ਸਿੰਘ 0602-291599, ਭਾਈ ਦਲਜੀਤ ਸਿੰਘ 0602-785058

**ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫੋਨ 0734-267900)**

Bhai Gurnam Singh, 10-Lambourne Gardens, Earley, Reading, Berk, U.K.

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ. ਪੀ. 43045)

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org